

ਢਲਦੇ-ਪਰਛਾਵੇਂ
ਭਾਗ-ਦੂਸਰਾ
ਮਨਪ੍ਰੀਤ ......

ਮਿਲਦੇ ਸੀ  ਸੱਜਣਾ ਆਪਾਂ ਜਿਸ ਟਾਹਲੀ ਦੀ ਛਾਵੇਂ

ਉਸ ਟਾਹਲੀ ਦੇ ਵੀ ਮੈਂ ਸੁਣਿਆ ਢਲ ਗਏ ਪਰਛਾਵੇਂ,

ਝੜ੍ਹ ਗਏ ਨੇ ਪੱਤੇ ਉਸਦੇ ਕੀ ਗੱਲ ਸੁਣਾਵਾਂ ਟਾਹਣੀਆਂ ਦੀ

ਦਿਲ ਦੇ ਡੂੰਘੇ ਟੋਏ ਅੰਦਰ ਯਾਦ ਵਸੇਂਦੀ ਹਾਣੀਆਂ ਦੀ ,

ਹੋ ਗਿਆ ਸਭ ਖੇਰੂੰ-ਖੇਰੂੰ  ਬਸ ਮੈਂ ਰਹਿ ਗਿਆ ਇੱਕੋ ਥਾਵੇਂ

ਮਿਲਦੇ ਸੀ  ਸੱਜਣਾ ਆਪਾਂ ਜਿਸ ਟਾਹਲੀ ਦੀ ਛਾਵੇਂ

ਉਸ ਟਾਹਲੀ ਦੇ ਵੀ ਮੈਂ ਸੁਣਿਆ ਢਲ ਗਏ ਪਰਛਾਵੇਂ|

ਮੋਹਬਤ ਜਦੋ ਵੀ ਕਿਸੇ ਦੀ ਜ਼ਿੰਦਗੀ ਵਿੱਚ ਆਉਂਦੀ ਹੈ ਤਾਂ ਜ਼ਿੰਦਗੀ ਨੂੰ ਇੱਕ ਅਲੱਗ ਰੰਗ ਵਿੱਚ ਢਾਲ ਦਿੰਦੀ ਹੈ , ਉਹ ਰੰਗ ਜੋ ਮੇਰੇ ਵਰਗੇ ਬੰਦਿਆਂ ਨੂੰ ਕਦੇ ਨਸੀਬ ਨਹੀਂ ਹੋਇਆ , ਜਾਂ ਤਾਂ ਮੇਰੇ ਹਿੱਸੇ ਮੁਹੱਬਤ ਲਿਖੀ ਨਹੀਂ ਸੀ ਜਾਂ ਫਿਰ ਮੁਹੱਬਤ ਕਰਨ ਦੀ ਮੈਨੂੰ  ਜਾਂਚ ਨਹੀਂ ਸੀ | ਕੋਈ ਕੁੜੀ ਸ਼ਇਦ ਦੁਨੀਆਂ ਦੀ ਭੀੜ ਵਿੱਚ ਅਜਿਹੀ ਹੋਵੇਗੀ ਜਿਸਨੇ ਕਿਸੇ ਅਜਿਹੇ ਮੁੰਡੇ ਦੀ ਕਲਪਨਾ ਆਪਣੇ ਜੀਵਨ ਸਾਥੀ ਦੇ ਰੂਪ ਵਿੱਚ ਕੀਤੀ ਹੋਵੇ ਜਿਹੜਾ ਕਦੇ ਉਸ ਨਾਲ ਪਿਆਰ ਭਰੀਆਂ ਗੱਲਾਂ ਨਾ ਕਰੇ, ਅਜਿਹੇ ਮੁੰਡੇ ਦੀ ਕਲਪਨਾ ਜੋ ਉਸਦੀਆਂ ਜ਼ਰੂਰਤਾਂ ਤਾਂ ਪੂਰੀਆਂ ਕਰ ਸਕਦਾ ਹੈ ਪਰ ਉਸਦੇ ਦੁੱਖ-ਸੁੱਖ ਨੂੰ ਸਮਝਣ , ਓਹਦੀ ਨਿਮੀਂ ਜਿਹੀ ਮੁਸਕੁਰਾਹਟ ਵਿੱਚ ਛੁਪੀ ਸ਼ਰਾਰਤ ,ਉਸਦੇ ਕੋਲ

ਘੰਟਿਆਂ ਤੱਕ ਬੈਠ ਉਸਦੇ ਚਿਹਰੇ ਵਿੱਚ ਛੁਪੀ ਕੁਦਰਤ ਦੀ ਅਥਾਹ ਸੁੰਦਰਤਾ ਨੂੰ ਤੱਕਣ ਵਿੱਚ ਸੰਪੂਰਨ ਅਸਮਰੱਥ ਹੋਵੇ , ਨਹੀਂ ਹੋਵੇਗੀ | ਫੇਰ ਮੈਨੂੰ ਮੁਹੱਬਤ ਕਿਵੇਂ ਨਸੀਬ ਹੋ ਜਾਵੇਗੀ |

ਤੁਸੀਂ ਸੋਚ ਰਹੇ ਹੋਵੋਂਗੇ ਵੀ ਅੱਜ ਮੈਂ ਇਹ ਕਿਹੋ ਜਿਹੀਆਂ ਗੱਲਾਂ ਕਰ ਰਿਹਾ ਹਾਂ , ਦਰਅਸਲ ਇਹ ਉਹਨਾਂ ਸਵਾਲਾਂ ਦਾ ਜਵਾਬ ਹੈ ਜੋ ਮੈਥੋਂ ਮੇਰੀ ਮੁਹੱਬਤ ਦੇ ਸਬੰਧ ਵਿੱਚ ਪੁੱਛੇ ਜਾਂਦੇ ਨੇ |

" ਅਕਸਰ ਮੁਹੱਬਤ ਉਹ ਲਿਖਦੇ ਨੇ ਜਿੰਨਾ ਨੂੰ ਮੁਹੱਬਤ ਨਸੀਬ ਨਹੀਂ ਹੁੰਦੀ " ਇਹ ਮੇਰਾ ਮੰਨਣਾ ਹੈ |

ਮੇਰੇ ਲਈ ਮੁਹੱਬਤ ਹਮੇਸ਼ਾ ਜ਼ਿੰਦਗੀ ਤੋਂ ਪਰੇ ਦੀ ਕੋਈ ਸ਼ੇਅ ਰਹੀ ਏ ਜੋ ਕਿ ਜਿਸਮਾਂ ਤੋਂ ਪਾਰ ਕਿਤੇ ਅੰਦਰੂਨੀ ਤਾਕਤ ਦੀ ਇੱਕ ਨਿੱਕੀ ਜਿਹੀ ਇਕਾਈ ਹੈ |ਕਿਸੇ ਇਨਸਾਨ ਦੇ ਅੰਦਰ ਇਹਨਾਂ ਘੁਲ ਜਾਣਾ ਜਿਵੇ ਉਹ ਸ਼ਕਸ ਤੁਸੀ ਹੀ ਹੋ , ਜਾਂ ਭਗਵਾਨ ਨੂੰ ਪਾਉਣ ਲਈ ਤੱਪਸਿਆ ਵਿੱਚ ਲੀਨ ਕਿਸੇ ਰਿਸ਼ੀ ਨੂੰ ਇਹ ਅਨੁਭਵ ਹੋ ਜਾਣਾ ਕਿ ਜਿਸ ਨੂੰ ਪਾਉਣ ਲਈ ਉਹ ਇਹਨਾਂ ਤਪ ਕਰ ਰਿਹਾ ਹੈ ਉਹ ਅਲੌਕਿਕ ਸ਼ਕਤੀ ਉਹ ਖੁਦ ਹੀ ਹੈ , ਮੁਹੱਬਤ ਹੈ ਅਤੇ ਅਜਿਹਾ ਕੁੱਝ ਵੀ ਮੇਰੇ ਨਾਲ ਨਹੀਂ ਹੋਇਆ |

ਤੁਹਾਡੀ ਰਾਏ ਇਸ ਬਾਬਤ ਸ਼ਇਦ ਹੋਰ ਹੋਵੇ ਪਰ ਮੈਂ ਜਿਹੋ ਜਿਹੇ ਮੁਹੱਬਤ ਦੇ ਅਰਥ ਕੱਢੇ ਹਨ ਮੈਨੂੰ ਇਹੀਓ ਠੀਕ ਲੱਗ ਰਹੇ ਹਨ |ਹੁਣ ਤੁਹਾਡਾ ਜ਼ਿਆਦਾ ਸਮਾਂ ਨਾ ਲੈਂਦੇ ਹੋਏ ਮੈਂ ਕਹਾਣੀ " ਢੱਲਦੇ-ਪਰਛਾਵੇਂ " ਦਾ ਦੂਸਰਾ ਭਾਗ ਸ਼ੁਰੂ ਕਰਦਾ ਹਾਂ| ਤੁਸੀਂ ਮੁਹੱਬਤ ਤੇ ਆਪਣੀ ਰਾਏ ਮੇਰੇ ਨਾਲ ਮੇਰੇ ਇੰਸਟਾਗ੍ਰਾਮ ਜਾਂ ਵਟਸਐਪ ਨੰਬਰ ਤੇ ਸਾਂਝੀ ਕਰ ਸਕਦੇ ਹੋ |

ਇਹ ਕਹਾਣੀ ਮੁਹੱਬਤ ਦੇ ਨਾਮ

ਮੇਰੀ ਮੁਹੱਬਤ ਦੇ ਨਾਮ.......

ਮਨਪ੍ਰੀਤ ...

**ਹਰ ਉਸ ਸ਼ਕਸ ਦੇ ਨਾਮ ਜਿਸਨੂੰ ਕਦੇ ਮੁਹੱਬਤ ਹੋਈ ਏ ....**

**ਢੱਲਦੇ-ਪਰਛਾਵੇਂ**: *ਭਾਗ- ਦੂਸਰਾ:-*

"ਜ਼ਿੰਦਗੀ  ਦੀਆਂ ਤੰਦਾਂ ਦੀ ਬਾਕੀ ਇੱਕ ਕਹਾਣੀ ਹੈ ,

ਤੇਰੇ ਪਿੱਛੋਂ ਜੋ ਬਚਿਆ ਬਸ ਨੈਣਾ ਦਾ ਪਾਣੀ ਹੈ "

ਪ੍ਰੀਤ ਆਪਣੇ  ਕਮਰੇ ਵਿੱਚ ਕਾਪੀ ਤੇ ਕੁੱਝ ਲਿਖ ਰਿਹਾ ਸੀ |ਬੀਣਾ ਨਾਲ ਮੁਲਾਕਾਤ ਹੋਈ ਨੂੰ ਇੱਕ  ਮਹੀਨਾ ਹੋ ਗਿਆ ਸੀ ਪਰ ਪ੍ਰੀਤ ਦੇ ਮਨ ਦੇ ਕਿਸੇ ਇਕ ਹਿੱਸੇ ਵਿੱਚ ਹਜੇ ਤੱਕ ਬੀਣਾ ਦੀ ਦਰਦ ਭਰੀ ਕਹਾਣੀ ਗੂੰਜ ਰਹੀ ਸੀ ਪਰ ਉਸਤੇ ਵਧੇਰੇ ਕਾਬੂ ਉਸ ਕੁੜੀ ਦੀ ਯਾਦ ਨੇ ਪਾ ਰੱਖਿਆ ਸੀ ਜਿਸਦੇ ਪ੍ਰੀਤ ਤੋ ਦੂਰ ਗਿਆਂ ਸਾਲ ਹੋ ਚੱਲਾ ਸੀ |

" ਕਿਵੇਂ ਆ , ਮੈਂ ਕੁੱਝ ਹੋਰ ਦੇਖ ਰਹੀ ਹਾਂ ਤੇਰੇ ਵਿਚ " ਕਮਰੇ ਦੀ ਬਾਰੀ ਕੋਲ ਖੜ੍ਹੀ ਉਸ ਕੁੜੀ ਨੇ ਕਿਹਾ |

" ਕੀ ,ਦੇਖ ਲਿਆ ਤੂੰ ਮੇਰੇ ਵਿੱਚ " ਪ੍ਰੀਤ ਨੇ ਜਵਾਬ ਦਿੱਤਾ |

" ਇੱਕ ਵੱਖਰਾ ਅਕਸ , ਇੱਕ ਅਲੱਗ ਮੂਰਤ ਜੋ ਕਿ ਧੁੰਧਲੀ ਜਿਹੀ ਏ ,ਚੇਹਰਾ ਸਾਫ ਨਹੀਂ ਏ ਪਰ ਮੇਰੇ ਨਾਲ ਤੇਰੇ ਮਨ ਅੰਦਰ ਬੈਠੀ ਹੈ " ਉਸ ਕੁੜੀ ਨੇ ਇਕ ਰਹੱਸ ਅਨੁਭਵ ਕਰਦੇ ਹੋਏ ਕਿਹਾ |

" ਤੇਰਾ ਭੁਲੇਖਾ ਹੋਣਾ ,ਤੇਰੀ ਜਗਾ ਤਾਂ ਮੇਰੇ ਮਨ ਵਿੱਚ ਮੈਂ ਖ਼ੁੱਦ ਨੂੰ ਵੀ ਨਹੀਂ ਦੇ ਸਕਿਆ "  ਪ੍ਰੀਤ ਨੇ ਕਿਹਾ |

" ਮੇਰੀ ਜਗਾ ਨੂੰ ਕੋਈ ਖਤਰਾ ਨਹੀਂ ,ਪਰ ਕੁੱਝ  ਹੋਰ ਹੈ ਤੇਰੇ ਅੰਦਰ  , ਇਕ ਤਰਸ ਹੈ ਤੇਰੇ ਅੰਦਰ ਉਸ ਅਕਸ  ਉਸ ਮੂਰਤ ਨੂੰ ਲੈ  ਕੇ "  ਕੁੜੀ ਨੇ ਕਿਹਾ |

" ਸ਼ਇਦ ਤੂੰ ਗੀਤਿਕਾ ਬਾਰੇ ਗੱਲ ਕਰ ਰਹੀਂ ਏਂ " ਪ੍ਰੀਤ ਨੇ ਅੰਦਾਜ਼ਾ ਲਾਇਆ |

" ਹਾਂ  ,ਉਹੀਓ " ਕੁੜੀ ਬੋਲੀ |

" ਮੈਂ ਜਾਣਦਾ ਹਾਂ ਕਿ ਤੂੰ ਮੇਰੇ ਮਨ ਦਾ ਹੀ ਇੱਕ ਭੁਲੇਖਾ ਏਂ ,ਅਤੇ ਗੀਤਿਕਾ ਬਾਰੇ ਸਭ ਜਾਣਦੀ ਏਂ , ਫਿਰ ਇਹ ਸਵਾਲ ਕਿਉਂ ?"

ਪ੍ਰੀਤ ਨੇ ਕਿਹਾ |

" ਤੂੰ ਸਹੀ ਕਿਹਾ ,ਪਰ ਮੈਂ ਤੇਰੇ ਮਨ ਵਿੱਚ ਉੱਠਦਾ ਇਹ ਬਵਾਲ ਹੀ ਤੇਰੇ ਸਾਹਮਣੇ ਰੱਖ ਰਹੀ ਹਾਂ , ਜੋ ਚਾਹੁੰਦਾ ਹੈ ਕਿ ਤੈਨੂੰ ਬੀਣਾ ਨੂੰ ਵਾਪਿਸ ਗੀਤਿਕਾ ਬਣਾਉਣਾ ਚਾਹੀਦਾ ਹੈ " ਕੁੜੀ ਨੇ ਗੱਲ ਸਾਫ ਕਰਨ ਲਈ ਕਿਹਾ |

" ਸੋਚਦੇ ਹਾਂ ਕੁੱਝ ਇਸ ਬਾਰੇ ਵੀ " ਪ੍ਰੀਤ ਬੋਲਿਆ |

ਹਵਾ ਦੇ ਇੱਕ ਬੁੱਲੇ ਨਾਲ ਪ੍ਰੀਤ ਦੇ ਕਮਰੇ ਦਾ ਗੇਟ ਖੜਕਿਆ ਅਤੇ ਉਹ ਆਪਣੇ ਖਿਆਲਾਂ ਵਿਚੋਂ ਬਾਹਰ ਆ ਗਿਆ |

ਹੁਣ ਉਸਦੇ ਸਾਹਮਣੇ ਸਮੱਸਿਆ ਇਹ ਸੀ ਕਿ ਬੀਣਾ ਨੂੰ ਇਸ ਦਲਦਲ ਵਿਚੋਂ ਕਿਵੇਂ ਕੱਢਿਆ ਜਾਵੇ ,ਕਾਫੀ ਸਮਾਂ ਉਹ ਇਸੇ ਸੋਚ ਵਿੱਚ ਬੈਠਾ ਰਿਹਾ ਅਤੇ ਉਸੇ ਤਰਾਂ ਬਾਰ-ਬਾਰ ਉਹ ਕੁੜੀ ਉਸਦੇ ਖਿਆਲਾਂ ਵਿੱਚ ਆ ਉਸ ਨਾਲ ਗੱਲਾਂ ਕਰਦੀ ਰਹੀ ਪਰ ਹੱਲ ਕੋਈ ਨਾ ਨਿੱਕਲਿਆ |

ਉਸੇ ਦਿਨ ਸ਼ਾਮ ਨੂੰ ਹਰਜੀਤ ਅਤੇ ਲੱਕੀ ਉਸ ਕੋਲ ਆਉਂਦੇ ਹਨ ,ਲੱਕੀ ਕੁੱਝ ਜ਼ਿਆਦਾ ਗੱਲ ਨਹੀਂ ਕਰ ਰਿਹਾ ਸੀ ਕਿਓਂਕਿ ਉਸਨੂੰ ਪ੍ਰੀਤ ਦੀ ਝਿੜਕ ਦਾ ਗੁੱਸਾ ਸੀ ਜੋ ਉਸਨੇ ਬੀਣਾ ਦੇ ਸਾਹਮਣੇ ਬੈਠਿਆਂ ਉਸਨੂੰ ਦਿੱਤੀ ਸੀ | ਪ੍ਰੀਤ ਨੇ ਆਪਣੀ ਗਲਤੀ ਦੀ ਮਾਫੀ ਮੰਗੀ ਅਤੇ ਉਹ ਦੋਵੇਂ ਪਹਿਲਾਂ ਵਾਂਗ ਹੋ ਗਏ |

ਲੱਕੀ (ਗੰਭੀਰ ਹੁੰਦੇ ਹੋਏ ):- ਪ੍ਰੀਤ , ਹੋਰ ਕਿੰਨਾ ਸਮਾਂ ਲੱਗੂ ,ਤੈਨੂੰ ਉਸ ਕੁੜੀ ਦੀ ਯਾਦ ਵਿੱਚੋਂ ਨਿਕਲਣ ਲਈ ? ਸਾਨੂੰ ਸਾਡਾ ਪਹਿਲਾਂ ਵਾਲਾ ਯਾਰ ਵਾਪਿਸ ਚਾਹੀਦਾ ਏ |

ਹਰਜੀਤ :- ਰੋਗ-ਏ-ਇਸ਼ਕ ਲਗਾ ਹੈ ਏ ਦੋਸਤ ,ਇਸ ਮਰਜ਼ ਕਾ ਇਲਾਜ਼ ਤਮਾਮ ਕਾਇਨਾਤ ਢੂੰਡ ਰਹੀ ਹੈ |

ਲੱਕੀ :- ਤੂੰ ਨਾ ਆਪਣੇ ਅੰਦਰ ਦੇ ਗਾਲਿਬ ਸ਼ਾਇਰ ਨੂੰ ਰੱਸਾ ਪਾ ਕੇ ਰੱਖਿਆ ਕਰ ,ਨਹੀਂ ਕਿਸੇ ਦਿਨ ਮੈਥੋਂ ਛਿੱਤਰ ਖਾ ਲਊ |

ਬੱਚਾ ਬਣਿਆ ਰੋਗ ਏ ਇਸ਼ਕ ਦਾ |

ਪ੍ਰੀਤ (ਹੱਸਦੇ ਹੋਏ ):- ਕਿਉਂ ਤੇਰੇ ਦੰਦੀਆਂ ਵੱਡਦਾ ?

ਲੱਕੀ :- ਨਹੀਂ ਯਰ ,ਮੇਰੇ ਪੱਲੇ ਨੀ ਪੈਂਦੀਆਂ ਇਹ ਗੱਲਾਂ |

ਹਰਜੀਤ :- ਕਭੀ ਹੂਆ ਤੁਮਹੇਂ ਇਸ਼ਕ ਤੋ ਪਤਾ ਚਲੇਗਾ , ਮੰਜ਼ਰ-ਏ-ਹੁਸਨ ਕਿਤਨਾ ਖਤਰਨਾਕ ਹੋਤਾ ਹੈ |

ਲੱਕੀ (ਗੁੱਸੇ ਵਿੱਚ ):- ਤੂੰ ਫੇਰ ਬੋਲਿਆ , ਬਸ ਕਰ ਬਾਬਾ ,ਕੇ ਹੁਣ ਸਾਹਿਤ ਅਕਾਦਮੀ ਅਵਾਰਡ ਲੈ ਕੇ ਮੰਨੇਂਗਾ |

ਪ੍ਰੀਤ :- ਹਰਜੀਤ ਬਸ ਹੋਰ ਨਾ ਬੋਲੀਂ |

ਹਰਜੀਤ :- ਚਲ ਨਹੀਂ ਬੋਲਦਾ , ਲੱਕੀ ਦਾ ਇੱਕ ਕਿੱਸਾ ਦੱਸਦਾਂ ਤੈਨੂੰ ਅੱਜ ਹੋਇਆ ਇਹਦੇ ਨਾਲ |

ਲੱਕੀ :- ਨਾ ਯਰ ਬਾਈ , ਨਾ ਦੱਸ ਕਿਓਂ ਮਜ਼ਾਕ ਉਡਾਉਂਦਾ |

ਪ੍ਰੀਤ :- ਹੁਣ ਕੀ ਕਰਤਾ ਇਹਨੇ |

ਲੱਕੀ :- ਕੁੱਝ ਨੀਂ ਬਾਈ ,ਇਹ ਤਾਂ ਊਈਂ ਮਾਰੀ ਜਾਂਦਾ |

ਹਰਜੀਤ :- ਮੈਂ ਦੱਸਦਾਂ ਯਰ ਤੈਨੂੰ |

ਲੱਕੀ :- ਨਹੀਂ ਦੱਸਣਾ |

ਹਰਜੀਤ :- ਨਹੀਂ ਮੈਂ ਤਾਂ ਦਸੂੰਗਾ |

ਲੱਕੀ :- ਠੀਕ ਆ ਤੇਰੀ ਮਰਜ਼ੀ |

ਹਰਜੀਤ :- ਹਾਂ ਤਾਂ ਹੋਇਆ ਏਦਾਂ , ਮੈਂ ਅੱਜ ਸਵੇਰੇ ਇਹਦੇ ਘਰ ਗਿਆ ਸੀ ,ਅਸੀਂ ਥੋੜ੍ਹਾ ਕੰਮ ਲਈ ਬਾਹਰ ਜਾਣਾ ਸੀ ,ਇਹ ਮਹਾਰਾਜ ਬਿਸਤਰੇ ਵਿਚ ਹੀ ਪਿਆ ਸੀ | ਮੈਂ ਉਠਾਇਆ , ਇਹ ਮੱਚਿਆ ਜਿਹਾ ਤਾਂ ਉਠਿਆ ਸੀ ,ਉੱਠ ਕੇ ਚੁੱਲੇ ਕੋਲ ਗਿਆ ਤੇ ਪਾਣੀ ਦੀ ਬਾਲਟੀ ਭਰ ਗੁਸਲਖਾਨੇ ਵਿੱਚ ਰੱਖ ਆਇਆ | ਮੇਰੇ ਕੋਲ ਆ ਇਹਨੇ ਕੱਪੜੇ ਲਾਹੇ ਤੇ ਗੁਸਲਖਾਨੇ ਵਿੱਚ ਜਾਣ ਹੀ ਲੱਗਾ ਸੀ ਕਿ ਸਿਮਰਨ ਤੇ ਓਹਦਾ ਬਾਪੂ ਆ ਗਏ |

ਉਧਰੋਂ ਤਾਂ ਉਹ ਇਹਦੇ ਕਮਰੇ ਨੇੜੇ ਪਹੁੰਚ ਗਏ ਅਤੇ ਉਧਰੋਂ ਇਹ ਕੱਲੀ ਨਿੱਕਰ ਵਿੱਚ ਖੜ੍ਹਾ |

ਪ੍ਰੀਤ :- ਫੇਰ ?

ਹਰਜੀਤ :- ਫ਼ੇਰ ਕਿ ,ਮਾਂ ਦੇ ਪੁੱਤ ਨੇ ਮਾਰੀ ਛਾਲ ਵਾਪਿਸ ਬਿਸਤਰੇ ਚ' ਵੜ੍ਹ ਕੇ ਬਹਿ ਗਿਆ | ਉਹ ਦੋਵੇਂ ਅੰਦਰ ਵੜ੍ਹ ਕੇ ਇਹਦੇ ਮੰਜੇ ਕੋਲ ਕੁਰਸੀਆਂ ਤੇ ਬਹਿ ਗਏ|

ਪ੍ਰੀਤ (ਹੱਸਦੇ ਹੋਏ ):- ਉਹ ਆਏ ਕਿਓਂ ਸੀ?

ਹਰਜੀਤ :- ਸਿਮਰਨ ਨੇ ਬੀ.ਏ ਦੀਆਂ ਕਿਤਾਬਾਂ ਲੈਣੀਆਂ ਸੀ ਤਾਂ' ਆਏ ਸੀ | ਸਿਮਰਨ ਦਾ ਬਾਪੂ ਇਸਤੋਂ ਬਾਰ-ਬਾਰ ਕਾਲਜ ਦੀ ਪੜ੍ਹਾਈ ਬਾਰੇ ਪੁੱਛੀ ਜਾਵੇ ਤੇ ਇਹ ਬਾਰ-ਬਾਰ ਆਵਦਾ ਖੇਸ ਦੇਖੀ ਜਾਵੇ ਵੀ ਕਿਤੋਂ ਲਿਹਾ ਨਾ ਪਿਆ ਹੋਵੇ |

ਮੇਰਾ ਹਾਸਾ ਨਾ ਰੁੱਕੇ | ਇਹ ਇੱਕ ਗੱਲ ਦਾ ਜਵਾਬ ਦਿੰਦਾ ਅਤੇ ਫੇਰ ਖੇਸ ਕੱਠਾ ਕਰਨ ਲੱਗ ਜਾਂਦਾ | ਇਹਨੇ ਫਿਰ ਉਹਨਾਂ ਨੂੰ ਇਹ ਕਹਿ ਟਾਲਣ ਦੀ ਕੋਸ਼ਿਸ਼ ਕੀਤੀ ਵੀ ਕਿਤਾਬਾਂ ਤੇਰੇ ਕੋਲ ਨੇ |

ਪ੍ਰੀਤ:- ਪਰ ਸਿਮਰਨ ਤਾਂ ਆਪਣੇ ਬਰਾਬਰ ਹੀ ਸੀ ਸਕੂਲ ਟਾਈਮ ,ਫੇਰ ਬੀ. ਏ ਕਿਵੇਂ ?

ਲੱਕੀ :- ਉਹਨੇ ਗੈਪ ਪਾਇਆ ,ਆਈਲੈਟਸ ਕਰਨ ਲੱਗ ਗਈ ਸੀ|

ਪ੍ਰੀਤ :- ਚਲੋ ਸ਼ੁਕਰ ਆ ਟਲ ਗਏ |

ਲੱਕੀ :- ਕਿੱਥੇ ਟਲ ਗਏ |

ਹਰਜੀਤ (ਹੱਸਦੇ ਹੋਏ ):- ਉਹ ਤੁਰਨ ਹੀ ਲੱਗੇ ਸੀ ਇਹਦੀ ਮੰਮੀ ਚਾਹ ਲੈ ਆਈ , ਉਹ ਫੇਰ ਬੈਠ ਗਏ |

ਜ਼ਿੰਦਗੀ ਚ' ਪਹਿਲੀ ਵਾਰ ਮੈਂ ਇਹਨੂੰ ਚਾਹ ਤੇ ਗੁੱਸਾ ਚੜ੍ਹਦਾ ਵੇਖਿਆ ,ਇਹਦਾ ਮੂੰਹ ਵੇਖਣ ਵਾਲਾ ਸੀ ਓਦੋਂ |

ਚਾਹ ਪੀ ਉਹ ਦੋਵੇਂ ਉੱਠ ਕਮਰੇ ਵਿਚੋਂ ਬਾਹਰ ਹੋਗੇ |

ਪ੍ਰੀਤ (ਹੱਸਦੇ ਹੋਏ ):- ਸ਼ੁਕਰ ਆ ਵਚਾਰੇ ਦੀ ਜਾਨ ਛੁੱਟੀ |

ਲੱਕੀ (ਖਿਝ ਕੇ ) :- ਕਿਥੋਂ ਛੁੱਟੀ ਜਾਨ |

ਪ੍ਰੀਤ :- ਹੁਣ ਕੀ ਹੋ ਗਿਆ |

ਹਰਜੀਤ :- ਜਿਵੇਂ ਹੀ ਉਹ ਦੋਵੇ ਇਹਦੇ ਕਮਰੇ ਤੋਂ ਥੋੜ੍ਹਾ ਦੂਰ ਹੋ ਗਏ , ਮਹਾਰਾਜ ਛਾਲ਼ ਮਾਰ ਰਜ਼ਾਈ ਚੋਂ ਬਾਹਰ ,ਖਿੱਝ ਕੇ ਮੇਰੇ ਵੱਲ ਆਉਣ ਹੀ ਲੱਗਾ ਸੀ ਕਿ ਸਿਮਰਨ ਵਾਪਿਸ ਕਮਰੇ ਵਿੱਚ ਆ ਗਈ ,ਹੁਣ ਇਹਦੇ ਕੋਲ ਖੇਸ ਚ ' ਵੜਨ ਦਾ ਟਾਈਮ ਕਿੱਥੇ ਸੀ ,

ਕੱਠਾ ਜੇਹਾ ਹੋ ਕੇ ਉੱਥੇ ਹੀ ਬਹਿ ਗਿਆ |

ਸਿਮਰਨ ਇਹਦਾ ਸੁੱਕਿਆ ਸ਼ਰੀਰ ਦੇਖ ਹੱਸਦੀ ਹੋਈ ਵਾਪਿਸ ਮੁੜ ਗਈ |

ਇਹ ਸੁਣ ਪ੍ਰੀਤ ਜ਼ੋਰ ਦੀ ਹੱਸਿਆ | ਹਰਜੀਤ ਅਤੇ ਪ੍ਰੀਤ ਦੇ ਹਾਸੇ ਦੀ ਅਵਾਜ਼ ਚੁਬਾਰੇ ਤੋਂ ਬਾਹਰ ਤੱਕ ਆ ਰਹੀ ਸੀ |

ਉਹ ਕਿੰਨਾ ਹੀ ਚਿਰ ਹੱਸਦੇ ਰਹੇ ਫਿਰ ਲੱਕੀ ਨੇ ਉਹਨਾਂ ਨੂੰ ਰੋਕਣ ਲਈ ਕਿਹਾ |

ਲੱਕੀ :- ਆਪਾਂ ਜਿਹੜੇ ਕੰਮ ਆਏ ਸੀ ਉਹ ਕਰ ਲਈਏ |

ਹਰਜੀਤ :- ਪ੍ਰੀਤ ,ਬੀਣਾ ਤੇ ਤੂੰ ਕੀ ਜਾਦੂ ਕਰਤਾ ?

ਪ੍ਰੀਤ :- ਮੈਂ ਕੀ ਜਾਦੂ ਕਰਨਾ ਸੀ ਉਸਤੇ |

ਹਰਜੀਤ :- ਤੈਨੂੰ ਮਿਲਣਾ ਚਾਹੁੰਦੀ ਆ |

ਪ੍ਰੀਤ :- ਪੈਸੇ ਕਮਾਉਣੇ ਹੋਣੇ ਆ , ਵੈਸੇ ਵੀ ਬੜੀਆਂ ਔਖਾਂ ਵਿਚੋਂ ਆਈ ਆ |

ਲੱਕੀ (ਹੈਰਾਨ ਹੁੰਦੇ ਹੋਏ ):- ਕੀ ? ਕਿਹੜੀਆਂ ਔਖਾਂ ?

ਪ੍ਰੀਤ (ਗੱਲ ਟਾਲਦੇ ਹੋਏ ):- ਕੁੱਝ ਨੀਂ ,ਕੁੱਝ ਨੀਂ |

ਪ੍ਰੀਤ :- ਹਰਜੀਤ ,ਉਹਨੂੰ ਪੁੱਛ ਲਵੀਂ ,ਕਿੰਨੇ ਪੈਸਿਆਂ ਦੀ ਲੋੜ ਏ , ਉਂਝ ਹੀ ਦੇ ਦੇਵਾਂਗੇ |

ਹਰਜੀਤ :- ਵੀਰ ਪੈਸੇ ਤਾਂ ਕੋਈ ਨੀ ਮੰਗੇ ਉਸਨੇ ,ਬਸ ਮਿਲਣਾ ਚਾਉਂਦੀ ਆ |

ਪ੍ਰੀਤ :- ਅੱਛਾ ?

ਪ੍ਰੀਤ :- ਚੱਲ ਕੋਈ ਨਾ ,ਕੱਲ ਸਵੇਰ ਸਹੀ ,

ਹਰਜੀਤ :- ਨਹੀਂ ਬਾਈ , ਅੱਜ ਰਾਤੀਂ ਹੀ ਮਿਲ ਲੈ , ਅੱਜ ਕਮਰਾ ਵੇਹਲਾ ਹੀ ਆ ਆਪਣਾ |

ਲੱਕੀ (ਸ਼ਰਾਰਤੀ ਹਾਸੇ ਨਾਲ):- ਨਾਲੇ ਮੌਜ ਮੇਲਾ ਕਰ ਲਵੀਂ |

ਪ੍ਰੀਤ (ਗੁੱਸੇ ਵਿੱਚ ):- ਕੀ ਮੌਜ ਮੇਲਾ ? ਕਿਸੇ ਦੀ ਮਜਬੂਰੀ ਦਾ ਫਾਇਦਾ ਨੀ ਚੁੱਕੀਦਾ ਹੁੰਦਾ |

ਲੱਕੀ:- ਮਜਬੂਰੀ ?

ਹਰਜੀਤ :- ਹੁਣ ਤਾਂ ਮੈਂ ਵੀ ਜਾਨਣਾ ਬਾਈ |

ਹਰਜੀਤ :- ਕਿਹੜੀਆਂ ਔਖਾਂ , ਕੀ ਮਜਬੂਰੀ ਆ ?

ਪ੍ਰੀਤ ਨੇ ਹਾਰ ਕੇ ਉਹਨਾਂ ਨੂੰ ਬੀਣਾ ਦੀ ਸਾਰੀ ਕਹਾਣੀ ਦੱਸ ਦਿੱਤੀ|

ਹਰਜੀਤ :- ਚੱਲ ਕੋਈ ਨੀਂ ਵੀਰ ,ਤੂੰ ਮਿਲ ਉਸਨੂੰ ਜੇ ਕੋਈ ਜ਼ਿਆਦਾ ਜ਼ਰੂਰਤ ਹੋਈ ਤਾਂ ਕਰ ਦੇਵਾਂਗੇ ਮੱਦਦ |

ਪ੍ਰੀਤ :- ਠੀਕ ਹੈ ,ਮੈਂ ਚਲਦਾ ਅੱਜ ਰਾਤੀਂ |

ਉਹ ਦੋਵੇਂ ਉਥੋਂ ਚਲੇ ਜਾਂਦੇ ਹਨ ਅਤੇ ਪ੍ਰੀਤ ਫਿਰ ਤੋਂ ਸੋਚਾਂ ਵਿੱਚ ਪੈ ਜਾਂਦਾ ਹੈ , ਉਹ ਇਹ ਸੋਚ ਰਿਹਾ ਸੀ ਕਿ ਅਚਾਨਕ ਇਕ ਮਹੀਨੇ ਬਾਅਦ ਉਹ ਕਿਓਂ ਮਿਲਣਾ ਚਾਉਂਦੀ ਹੈ , ਅਜਿਹਾ ਉਸਨੂੰ ਕੀ ਕੰਮ ਪੈ ਗਿਆ | ਸ਼ਇਦ ਓਹਦੇ ਰਾਜ਼ ਦਾ ਕਿਸੇ ਨੂੰ ਪਤਾ ਚੱਲ ਗਿਆ ਹੋਵੇਗਾ | ਪਰ ਜੇਕਰ ਅਜਿਹਾ ਹੋਇਆ ਹੁੰਦਾ ਤਾਂ ਹੁਣ ਨੂੰ ਉਹ ਗਿਰਫ਼ਤਾਰ ਹੋ ਜਾਂਦੀ |

ਇਸੇ ਸੋਚਾਂ ਦੀ ਉਧੇੜ ਬੁਣ ਵਿੱਚ ਪ੍ਰੀਤ ਨੂੰ ਰਾਤ ਹੋ ਗਈ ਅਤੇ ਹਰਜੀਤ ਉਸਨੂੰ ਲੈ ਕੇ ਆਪਣੇ ਮੋਟਰ ਵਾਲੇ ਕਮਰੇ ਵਿੱਚ ਲੈ ਗਿਆ | ਪ੍ਰੀਤ ਨੂੰ ਅੰਦਰ ਭੇਜ ਹਰਜੀਤ ਬਾਹਰ ਰੁਕ ਗਿਆ |

ਬੀਣਾ ਕਮਰੇ ਦੇ ਅੰਦਰ ਬੈਡ ਤੇ ਬੈਠੀ ਸੀ ,ਪ੍ਰੀਤ ਨੇ ਉਸਤੋਂ ਉਸਨੂੰ ਮਿਲਣ ਦੀ ਵਜਾ ਪੁੱਛੀ |ਪਰ ਉਹ ਕੁੱਝ ਵੀ ਨਾ ਬੋਲੀ |

ਪ੍ਰੀਤ :- ਦੇਖ ਬੀਣਾ , ਜੇਕਰ ਤੈਨੂੰ ਪੈਸੇ ਦੀ ਲੋੜ ਹੈ ਤਾਂ ਦੱਸ ਦੇ |

ਬੀਣਾ :- ਨਹੀਂ ਸਾਹਬ ,ਮੁਝੇ ਪੈਸੇ ਨਹੀਂ ਚਾਹੀਏ ,ਲੇਕਿਨ ਇੱਕ ਮਦਦ ਚਾਹੀਏ |

ਪ੍ਰੀਤ :- ਹਾਂ ਬੋਲ |

ਬੀਣਾ :- ਸਾਹਿਬ , ਮੈਂ ਯੇ ਕਾਮ ਛੋਡਨਾ ਚਾਹਤੀ ਹੂੰ , ਲੇਕਿਨ ਮੁਝੇ ਔਰ ਕੋਈ ਕਾਮ ਨਹੀਂ ਮਿਲ ਰਿਹਾ |

ਪ੍ਰੀਤ :- ਕੋਈ ਗੱਲ ਨੀਂ ,ਜਿੰਨਾ ਟਾਈਮ ਤੈਨੂੰ ਹੋਰ ਕੰਮ ਨਹੀਂ ਮਿਲਦਾ ,ਖਰਚ ਲਈ ਥੋੜ੍ਹੀ ਬਹੁਤ ਮੱਦਦ ਕਰ ਦੇਵਾਂਗੇ |

ਬੀਣਾ :- ਨਹੀਂ ਸਾਹਿਬ ,ਮੁਝੇ ਏਸੇ ਪੈਸੇ ਨਹੀਂ ਚਾਹੀਏ , ਮੇਨੇ ਸੁਣਾ ਹੈ ਕਿ ਆਪ ਕੇ ਘਰ ਮੈਂ ਸਾਫ-ਸਫਾਈ ਵਾਲੀ ਕੋਈ ਨਹੀਂ ਹੈ ,ਔਰ ਆਪ ਇਕ ਕਾਮ ਵਾਲੀ ਢੂੰਡ ਰਹੇ ਹੋ |

ਪ੍ਰੀਤ :- ਹਾਂ ,ਪਰ ਤੈਨੂੰ ਕਿਵੇਂ ਪਤਾ ?

ਬੀਣਾ :- ਸਾਹਿਬ ਮੈਂ ਆਪਕੇ ਘਰ ਕੇ ਪਾਸ ਆਈ ਥੀ ,ਅਪਕੀ ਮਾਂ ਕਿਸੀਕੋ ਕਹਿ ਰਹੀ ਥੀ |

ਪ੍ਰੀਤ :- ਪਰ ਤੂੰ ਸਾਡੇ ਘਰ ਕੰਮ ਕਰਦੀ , ਚੰਗੀ ਨਹੀਂ ਲੱਗਣਾ |

ਬੀਣਾ :- ਕਿਓਂ ਸਾਬ ਮੇਰੇ ਧੰਦੇ ਵਾਲੀ ਹੋਣੇ ਕਿ ਵਜ੍ਹਾ ਸੇ ਅਗਰ ਕੋਈ ਦਿੱਕਤ ਹੈ ਤੋਹ ਮੈਂ ਆਪਣਾ ਚਿਹਰਾ ਢੱਕ ਕੇ ਆ ਜਾਊਂਗੀ ,ਔਰ ਆਪਣਾ ਨਾਮ ਭੀ ਨਹੀਂ ਬਤਾਉਂਗੀ ,|

ਪ੍ਰੀਤ :- ਉਹ ਤਾਂ ਕੋਈ ਗੱਲ ਨੀਂ ,ਪਰ ਤੂੰ ਪੜ੍ਹੀ ਲਿਖੀ ਏ ਤੇ ਮੈਂ ਤੈਨੂੰ ਅਜਿਹੇ ਕੰਮ ਤੇ ਕਿਵੇਂ ਲਗਾ ਦੇਵਾਂ |

ਬੀਣਾ :- ਸਾਹਿਬ ਇਸ ਧੰਦੇ ਸੇ ਤੋ ਅੱਛਾ ਹੀ ਹੈ | ਪਲੀਜ ਸਾਹਿਬ ਮੇਰੀ ਮਦਦ ਕਰ ਦੋ |

ਪ੍ਰੀਤ :- ਠੀਕ ਹੈ , ਕੋਈ ਗੱਲ ਨੀਂ ,ਕੱਲ ਨੂੰ ਆ ਜਾਵੀਂ ਘਰ |

ਪ੍ਰੀਤ ;- ਨਾਮ ਹੋਰ ਦੱਸੀਂ ਅਤੇ ਆਪਣਾ ਥੋੜ੍ਹਾ ਹੁਲੀਆ ਵੀ ਸਹੀ ਕਰ ਲਵੀਂ ਤਾਂ ਜੋ ਮੇਰੇ ਘਰ ਪਤਾ ਨਾ ਲੱਗੇ ਕਿ ਤੂੰ ਬੀਣਾ ਏ |

ਬੀਣਾ :- ਬਹੁਤ ਬਹੁਤ ਸ਼ੁਕਰੀਆ ਸਾਹਿਬ , ਮੈਂ ਆਪਕਾ ਜੇ ਅਹਿਸਾਨ ਕਭੀ ਨਹੀਂ ਭੂਲੂੰਗੀ|

ਪ੍ਰੀਤ :- ਕੋਈ ਗੱਲ ਨਹੀਂ ,ਗੀਤਿਕਾ | ਜਿਨ੍ਹਾਂ ਟਾਈਮ ਹੋਰ ਕੰਮ ਨਹੀਂ ਮਿਲਦਾ ਤੂੰ ਓਥੇ ਕੰਮ ਕਰ ਲਵੀਂ|

ਬੀਣਾ :- ਅੱਛਾ ,ਲੱਗਾ ਸਾਹਿਬ ਆਪਕੇ ਮੂੰਹ ਸੇ ਗੀਤਿਕਾ ਸੁਣਕੇ |

ਪ੍ਰੀਤ :- ਠੀਕ ਹੈ ਹੁਣ ਮੈਂ ਚਲਦਾ ਹਾਂ ,ਕੱਲ ਨੂੰ ਆ ਜਾਇਓ |

ਇਹ ਕਹਿ ਪ੍ਰੀਤ ਤੇ ਹਰਜੀਤ ਉਥੋਂ ਚਲੇ ਗਏ ,ਪ੍ਰੀਤ ਨੇ ਹਰਜੀਤ ਤੋਂ ਸਾਰੀ ਗੱਲ ਦਸ ਉਸਤੋਂ ਸਲਾਹ ਲਈ ਅਤੇ ਹਰਜੀਤ ਨੇ ਵੀ ਪ੍ਰੀਤ ਦੇ ਫੈਸਲੇ ਨੂੰ ਸਹੀ ਦੱਸਿਆ | ,

ਦੂਸਰੇ ਦਿਨ ਪ੍ਰੀਤ ਨੇ ਆਪਣੇ ਘਰ ਵਿੱਚ ਉਸਨੂੰ ਕੰਮ ਲਵਾ ਦਿੱਤਾ ,ਉਹ ਉਹਨਾਂ ਦੇ ਘਰ ਇੱਕ ਦਮ ਸਾਧਾਰਨ ਜਿਹੀ ਬਣਕੇ ਆਈ , ਉਸਨੂੰ ਦੇਖ ਇਹ ਅੰਦਾਜ਼ਾ ਲਾਉਣਾ ਮੁਸ਼ਕਿਲ ਸੀ ਕਿ ਇਹ ਬੀਣਾ ਹੈ | ਪ੍ਰੀਤ ਦੀ ਮਾਂ ਨੇ ਵੀ ਉਸਦੇ ਚਿਹਰੇ ਦਾ ਭੋਲਾਪਨ ਦੇਖ ਉਸਨੂੰ ਕੰਮ ਉੱਤੇ ਰੱਖ ਲਿਆ | ਬੀਣਾ ਨੇ ਆਪਣਾ ਨਾਮ ਮੰਜਲੀ ਦੱਸਿਆ ਤਾਂ ਜੋ ਕਿਸੇ ਨੂੰ ਸ਼ੱਕ ਨਾ ਹੋਵੇ | ਉਹ ਪ੍ਰੀਤ ਦੇ ਘਰ ਦਾ ਸਾਰਾ ਕੰਮ ਕਰਦੀ | ਪ੍ਰੀਤ ਦੀ ਮਾਂ ਨੂੰ ਕਈ ਕਮਾਂ ਤੋਂ ਵੇਹਲ ਮਿਲ ਗਈ | ਸਫਾਈ ਦੇ ਨਾਲ ਨਾਲ ਉਹ ਘਰ ਦੇ ਹੋਰ ਕੰਮ ਵੀ ਕਰ ਦਿੰਦੀ |

ਦੋ-ਤਿੰਨ ਮਹੀਨਿਆਂ ਵਿੱਚ ਹੀ ਉਹ ਘਰ ਦਾ ਇੱਕ ਅਮੁੱਲ ਹਿੱਸਾ ਬਣ ਗਈ ਸੀ , ਕੋਈ ਵੀ ਕੰਮ ਹੁੰਦਾ ਪ੍ਰੀਤ ਦੀ ਮਾਂ ਦੇ ਮੂੰਹੋਂ ਪਹਿਲਾ ਨਾਮ ਮੰਜਲੀ ਹੀ ਨਿਕਲਦਾ ਅਤੇ ਨਾਮ ਲੈਣ ਸਾਰ ਹੀ ਜੋ ਕੰਮ ਉਹਨਾਂ ਕਿਹਾ ਉਹ ਨੇਪਰੇ ਚਾੜ੍ਹ ਦਿੰਦੀ |

ਪ੍ਰੀਤ ਵੀ ਹੁਣ ਕਾਲਜ ਦੀ ਪੜ੍ਹਾਈ ਵਿੱਚ ਵਿਅਸਤ ਰਹਿਣ ਲੱਗਾ | ਬੀਣਾ ਉਸਦੇ ਹੁੰਦੇ ਕਦੇ ਵੀ ਉਸਦੇ ਕਮਰੇ ਵਿੱਚ ਨਾ ਆਉਂਦੀ | ਉਹ ਉਸਦੇ ਜਾਣ ਪਿੱਛੋਂ ਉਸਦਾ ਸਾਰਾ ਕਮਰਾ ਸਾਫ ਕਰਦੀ ਸੀ |

ਇਕ ਦਿਨ ਘਰ ਵਿੱਚ ਕੋਈ ਨਹੀਂ ਸੀ ਅਤੇ ਉਹ ਘਰ ਵਿੱਚ ਸਫਾਈ ਕਰ ਰਹੀ ਸੀ , ਜਦੋਂ ਉਹ ਪ੍ਰੀਤ ਦੇ ਕਮਰੇ ਦੀ ਸਫਾਈ ਕਰ ਰਹੀ ਸੀ ਤਾਂ ਉਸਦੀਆਂ ਕਿਤਾਬਾਂ ਵਿਚੋਂ ਇੱਕ ਕਿਤਾਬ ਹੇਠਾਂ ਡਿੱਗੀ ,ਇਹ ਇਕ ਕਾਲੇ ਰੰਗ ਦੀ ਡਾਇਰੀ ਸੀ | ਜਦੋਂ ਉਹ ਡਾਇਰੀ ਚੁੱਕ ਉਸਨੂੰ ਵਾਪਿਸ ਰੱਖਣ ਲੱਗੀ ਤਾਂ ਉਸ ਵਿਚੋਂ ਇੱਕ ਤਸਵੀਰ ਹੇਠਾਂ ਡਿੱਗ ਪਈ, ਇਹ ਇਕ ਕੁੜੀ ਦੀ ਤਸਵੀਰ ਸੀ | ਗੋਰੇ ਚਿੱਟੇ ਰੰਗ ਦੀ ਕੁੜੀ ਜਿਸਦੇ ਸਿਰ ਉਪਰ ਚਿੱਟੇ ਰੰਗ ਦੀ ਚੁੰਨੀ ਲਈ ਹੋਈ ਸੀ ਅਤੇ ਉਸਦੇ ਗਲ ਵਿੱਚ ਕਾਲੇ ਮਣਕਿਆਂ ਦੀ ਮਾਲਾ ਜਿਹੀ ਪਾਈ ਹੋਈ ਸੀ | ਚੇਹਰੇ ਦੀ ਮਾਸੂਮੀਅਤ ਅਜਿਹੀ ਸੀ ਕਿ ਬੰਦੇ ਦਾ ਆਪ ਮੁਹਾਰੇ ਜੀਅ ਕਰ ਰਿਹਾ ਸੀ ਕਿ ਉਹ ਇਸ ਤਸਵੀਰ ਨੂੰ ਹੀ ਵੇਖੀ ਜਾਵੇ | ਬੀਣਾ ਕਿੰਨਾ ਹੀ ਟਾਈਮ ਤਸਵੀਰ ਦੇਖਦੀ ਰਹੀ , ਫਿਰ ਉਸਨੇ ਉਹ ਤਸਵੀਰ ਵਾਪਿਸ ਉਸੇ ਡਾਇਰੀ ਵਿੱਚ ਰੱਖ ਦਿਤੀ |

ਉਸਨੇ ਡਾਇਰੀ ਪੜ੍ਹਨ ਦੀ ਕੋਸ਼ਿਸ਼ ਕੀਤੀ ਉਹ ਪੰਜਾਬੀ ਵਿੱਚ ਲਿਖੀ ਹੋਈ ਸੀ ਇਸ ਲਈ ਉਸਨੂੰ ਕੁੱਝ ਵੀ ਸਮਝ ਨਹੀਂ ਆ ਰਿਹਾ ਸੀ | ਉਸਨੂੰ ਸਿਰਫ ਇੱਕ ਲਾਈਨ ਹੀ ਸਮਝ ਆਈ ਜੋ ਕਿ ਅੰਗਰੇਜ਼ੀ ਵਿਚ ਲਿਖੀ ਹੋਈ ਸੀ |

"ਆਈ ਐਮ ਅਲਵੇਜ਼ ਵਿਦ ਯੂ ,ਲਾਇਕ ਯੂਅਰ ਸੋਲ "

" ਮੈਂ ਹਮੇਸ਼ਾਂ ਤੇਰੇ ਨਾਲ ਹਾਂ ,ਤੇਰੀ ਆਤਮਾ ਦੀ ਤਰਾਂ " (ਪੰਜਾਬੀ ਅਰਥ )

ਯੂਅਰ ਬੇਸਟੇਸਟ ਫਰੈਂਡ , ਡਿੰਪਲ |

ਇਸਤੋਂ ਬਾਅਦ ਦੀਆਂ ਗੱਲਾਂ ਪੰਜਾਬੀ ਵਿੱਚ ਸਨ ਜੋ ਦੇਖਣ ਨੂੰ ਤਾਂ ਕੁੱਝ ਸ਼ਾਇਰੀ ਜਾਂ ਕਵਿਤਾ ਵਰਗੇ ਸਨ ਪਰ ਬੀਣਾ ਨੂੰ ਉਹ ਪੜ੍ਹਨੇ ਨਹੀਂ ਆ ਰਹੇ ਸਨ | ਉਸਨੇ ਉਹ ਡਾਇਰੀ ਉਥੇ ਹੀ ਰੱਖ ਦਿੱਤੀ | ਡਾਇਰੀ ਰੱਖਣ ਤੋਂ ਬਾਅਦ ਉਸਨੇ ਮੇਜ਼ ਦਾ ਇਕ ਦਰਾਜ ਖੋਲਿਆ , ਅਜਿਹਾ ਕਰਦਿਆਂ ਉਸਦੇ ਹੱਥ ਕੰਬ ਰਹੇ ਸਨ ,ਉਸਨੂੰ ਇੰਝ ਲੱਗ ਰਿਹਾ ਸੀ ਜਿਵੇਂ ਉਹ ਇੰਝ ਕਰਕੇ ਆਪਣੇ ਆਪ ਨਾਲ ਹੀ ਗੱਦਾਰੀ ਕਰ ਰਹੀ ਹੋਵੇ | ਦਰਾਜ਼ ਖੋਲ੍ਹਦਿਆਂ ਉਸਨੇ ਕਿੰਨੇ ਹੀ ਵਾਰ ਆਪਣਾ ਹੱਥ ਪਿੱਛੇ ਖਿੱਚਿਆ | ਦਰਾਜ਼ ਵਿਚੋਂ ਉਸਨੂੰ ਇਕ ਮਾਲਾ ਮਿਲੀ ,ਕਾਲੇ ਮਣਕਿਆਂ ਦੀ ਬਣੀ ਹੋਈ ਮਾਲਾ ਜਵਾਂ ਹੀ ਉਸ ਤਸਵੀਰ ਵਾਲੀ ਕੁੜੀ ਦੇ ਗਲ ਪਾਈ ਹੋਈ ਮਾਲਾ ਵਰਗੀ |

ਪਰ ਇਸ ਮਾਲਾ ਦੇ ਮਣਕੇ ਪੂਰੇ ਨਹੀਂ ਸਨ ,ਕੁੱਝ ਮਣਕੇ ਇਸ ਮਾਲਾ ਦੇ ਘੱਟ ਸਨ |

ਇੰਨੇ ਵਿੱਚ ਘਰ ਦਾ ਗੇਟ ਖੜਕਦਾ ਹੈ ,ਪ੍ਰੀਤ ਘਰ ਆ ਗਿਆ ਸੀ | ਉਸਨੇ ਆਉਂਦੇ ਸਾਰ ਹੀ ਬੀਣਾ ਨੂੰ ਆਵਾਜ਼ ਮਾਰੀ , ਇੰਨਾ ਟਾਈਮ ਕੰਮ ਕਰਦੀ ਨੂੰ ਹੋ ਗਿਆ ਸੀ ਪਰ ਪ੍ਰੀਤ ਨੇ ਕਦੇ ਵੀ ਬੀਣਾ ਨੂੰ ਨਹੀਂ ਬੁਲਾਇਆ ਸੀ | ਬੀਣਾ ਹੈਰਾਨ ਸੀ ਕਿ ਪ੍ਰੀਤ ਨੇ ਅੱਜ ਉਸਨੂੰ ਆਵਾਜ਼ ਕਿਓਂ ਲਗਾ ਦਿੱਤੀ |

ਜਦੋਂ ਬੀਣਾ ਉਸ ਕੋਲ ਪਹੁੰਚੀ ਤਾਂ ਉਸਨੂੰ ਪ੍ਰੀਤ ਦੇ ਚਿਹਰੇ ਤੇ ਇੱਕ ਅਜੀਬ ਜਿਹੀ ਖੁਸ਼ੀ ਦਿੱਖ ਰਹੀ ਸੀ |

ਪ੍ਰੀਤ :- ਗੀਤਿਕਾ , ਹੁਣ ਤੈਨੂੰ ਇਹ ਕੰਮ ਕਰਨ ਦੀ ਕੋਈ ਲੋੜ ਨਹੀਂ ਏ |

ਬੀਣਾ :- ਕਿਆ ਹੋ ਗਿਆ ਸਾਬ ਜੀ ?

ਪ੍ਰੀਤ :- ਤੇਰੇ ਲਈ ਇਕ ਹੋਰ ਕੰਮ ਲੱਭ ਦਿੱਤਾ ਹੈ |

ਬੀਣਾ :- ਕਿਹੜਾ ਕੰਮ ਸਾਬ ਜੀ ?

ਪ੍ਰੀਤ :- ਇਕ ਕਪੜੇ ਸਿਲਾਈ ਦਾ ਕੰਮ ਹੈ |

ਬੀਣਾ :- ਸਾਹਿਬ ਮੁਝੇ ਇਸ ਕਾਮ ਕਾ ਕੁੱਝ ਨਹੀਂ ਪਤਾ |

ਪ੍ਰੀਤ :- ਤੂੰ ਫਿਕਰ ਨਾ ਕਰ , ਪਹਿਲਾਂ ਉਹ ਤੈਨੂੰ ਕੰਮ ਸਿਖਾਉਣਗੇ ਅਤੇ ਫਿਰ ਓਥੇ ਹੀ ਕੰਮ ਕਰਨਾ ਤੂੰ |

ਬੀਣਾ :- ਸਾਹਿਬ ,ਮੈ ਯਹੀ ਠੀਕ ਹੂੰ |

ਪ੍ਰੀਤ :- ਪਾਗਲ ਨਾ ਬਣ ,ਇਥੇ ਕਿੰਨਾ ਕੁ ਕੰਮ ਕਰੀ ਜਾਵੇਂਗੀ , ਚੁੱਪ ਚਾਪ ਓਥੇ ਲੱਗ ਜਾ |

ਬੀਣਾ ਨੇ ਉਸਦੀ ਗੱਲ ਮੰਨ ਲਈ ,ਉਸੇ ਵਕਤ ਹੀ ਉਸਦੀ ਨਜ਼ਰ ਪ੍ਰੀਤ ਦੇ ਹੱਥ ਤੇ ਬੰਨੇ ਕਾਲੇ ਮਣਕਿਆਂ ਤੇ ਪਈ | ਉਹ ਤੁਰੰਤ ਸਮਝ ਗਈ ਕਿ ਮਾਲਾ ਵਿਚੋਂ ਜੋ ਮਣਕੇ ਘੱਟ ਸਨ ਉਹ ਕਿੱਥੇ ਨੇ | ਬੀਣਾ ਨੇ ਹਿੰਮਤ ਕਰ ਉਸਤੋਂ ਉਸ ਤਸਵੀਰ ਵਾਲੀ ਕੁੜੀ ਬਾਰੇ ਪੁੱਛਿਆ | ਪਰ ਪ੍ਰੀਤ ਨੇ ਕੋਈ ਜਵਾਬ ਨਾ ਦਿੱਤਾ ਅਤੇ ਉਹ ਆਪਣੇ ਕਮਰੇ ਵਿੱਚ ਚਲਾ ਗਿਆ | ਬੀਣਾ ਵੀ ਉਸਦੇ ਪਿੱਛੇ ਕਮਰੇ ਵਿੱਚ ਚਲੀ ਗਈ |

ਬੀਣਾ :- ਸਾਹਿਬ ,ਬਤਾ ਦੋ ਨਾ ਕੌਣ ਹੈ ਵੋ ਖ਼ੂਬਸੂਰਤ ਲੜਕੀ |

ਪ੍ਰੀਤ :- ਤੇਰਾ ਉਸ ਨਾਲ ਕੋਈ ਵਾਸਤਾ ਨਹੀਂ |

ਬੀਣਾ :- ਜਿਸ ਭਲੇ ਇਨਸਾਨ ਨੇ ਮੇਰੀ ਇਤਨੀ ਮੱਦਦ ਕੀ ਹੈ ,ਮੁਝੇ ਇਤਨਾ ਤੋ ਚਾਹੀਏ ਕਿ ਮੈਂ ਉਸਕਾ ਦੁੱਖ ਬਾਂਟ ਲੂ |

ਪ੍ਰੀਤ :- ਕੋਈ ਲੋੜ ਨੀਂ ,ਨਾਲੇ ਮੈਂ ਕੋਈ ਭਲਾ ਇਨਸਾਨ ਨਹੀਂ |

ਬੀਣਾ :- ਆਪ ਹੋ ਸਾਹਿਬ ,ਪਲੀਜ਼ ਆਪਣਾ ਗਮ ਬਾਂਟ ਲੋ ,ਕਮ ਸੇ ਕਮ ਮੁਝੇ ਐਸਾ ਤੋ ਲਗੇਗਾ ਕਿ ਮੈਨੇ ਭੀ ਕਿਸਿਕਾ ਦੁੱਖ ਹਲਕਾ ਕਿਆ , ਕਿਆ ਪਤਾ ਆਪਕੇ ਮੇਰੇ ਉਪਰ ਸੇ ਅਹਿਸਾਨ ਹੀ ਉਤਰ ਜਾਏ |

ਪ੍ਰੀਤ (ਗੁੱਸੇ ਵਿੱਚ ):-ਕਿਹਾ ਨਾ ਕੋਈ ਭਲਾ ਇਨਸਾਨ ਨਹੀਂ ਮੈਂ|

ਬੀਣਾ :- ਆਪ ਹੋ |

ਪ੍ਰੀਤ(ਗੁੱਸੇ ਨਾਲ ਭਰਕੇ ):- ਦਿਖਾਵਾਂ ਆਪਣਾ ਬੁਰਾ ਰੂਪ ਤੈਨੂੰ, ਲਾਹ ਕਪੜੇ ਦਿਖਾਵਾਂ ਤੈਨੂੰ ਕਿੰਨਾ ਕੁ ਭਲਾ ਹਾਂ ਮੈਂ |

ਇਹ ਸੁਣ ਬੀਣਾ ਦੇ ਪੈਰਾਂ ਹੇਠੋਂ ਜ਼ਮੀਨ ਨਿੱਕਲ ਗਈ ,ਉਸਨੂੰ ਯਕੀਨ ਨਹੀਂ ਸੀ ਹੋ ਰਿਹਾ ਕਿ ਇਹ ਉਸਦੇ ਕੰਨਾਂ ਨੇ ਕੀ ਸੁ ਣ ਲਿਆ ਹੈ | ਉਹ ਇਕ ਦਮ ਸਹਿਮ ਗਈ | ਫਿਰ ਉਸ ਸੋਚਿਆ ਕਿ ਇਸਦੇ ਇੰਨੇ ਇਹਸਾਨ ਨੇ ਉਸਦੀ ਇਹ ਮੰਗ ਪੂਰੀ ਕਰ ਦਿੰਦੀ ਹਾਂ | ਉਹ ਆਪਣੇ ਕੱਪੜੇ ਲਾਹੁਣ ਲਗਦੀ ਹੈ |

ਪ੍ਰੀਤ ਇਹ ਦੇਖ ਆਪਣਾ ਮੂੰਹ ਪਰੇ ਕਰ ਲੈਂਦਾ ਹੈ| ਬੀਣਾ ਰੁੱਕ ਜਾਂਦੀ ਹੈ |

ਪ੍ਰੀਤ :- ਰੁੱਕ ਜਾ ਗੀਤਿਕਾ ,ਕੋਈ ਲੋੜ ਨਹੀਂ ਇੰਝ ਕਰਨ ਦੀ |

ਬੀਣਾ ਦੇ ਸਾਹਾਂ ਵਿੱਚ ਸਾਹ ਆ ਜਾਂਦੇ ਹਨ ਅਤੇ ਉਹ ਰੁੱਕ ਜਾਂਦੀ ਹੈ |

ਪ੍ਰੀਤ ਨੇ ਹਾਰ ਕੇ ਉਸਨੂੰ ਦੱਸਣਾ ਸ਼ੁਰੂ ਕੀਤਾ |

ਪ੍ਰੀਤ ਤੇ ਡਿੰਪਲ ਦੋਵੇਂ ਇੱਕੋਂ ਸਕੂਲ ਵਿੱਚ ਪੜ੍ਹਦੇ ਸੀ , ਇਕੋ ਕਲਾਸ ਪਰ ਕਲਾਸ ਵਿੱਚ ਚਰਚੇ ਇਹਨਾਂ ਦੀ ਜੰਗ ਦੇ ਸੀ , ਇੱਕ ਵਾਰ ਪ੍ਰੀਤ ਪਹਿਲੇ ਨੰਬਰ ਤੇ ਆਉਂਦਾ ਤੇ ਅਗਲੀ ਵਾਰ ਡਿੰਪਲ | ਪੰਜਵੀ ਤੋਂ ਇਹੀਓ ਚਲਦਾ ਆ ਰਿਹਾ ਸੀ | ਕਲਾਸ ਦੇ ਮੁੰਡੇ ਪ੍ਰੀਤ ਨੂੰ ਅੱਗੇ ਦੇਖਣਾ ਚਾਹੁੰਦੇ ਸੀ ਅਤੇ ਕੁੜੀਆਂ ਡਿੰਪਲ ਨੂੰ | ਇਸ ਤਰਾਂ ਇਹ ਮਸਤੀ ਭਰਿਆ ਮਾਹੌਲ ਬਣਿਆ ਰਹਿੰਦਾ ਸੀ| ਕੱਚੇ ਪੇਪਰਾਂ ਤੋਂ ਚਲਦੀ ਇਹ ਜੰਗ ਪੱਕੇ ਪੇਪਰਾਂ ਤੱਕ ਪਹੁੰਚਦੀ | ਜਿਸ ਵਾਰ ਪ੍ਰੀਤ ਅੱਗੇ ਆਉਂਦਾ ਅਗਲੇ ਪੇਪਰਾਂ ਤਕ ਮੁੰਡੇ ਕੁੜੀਆਂ ਨੂੰ ਚਿੜਾਉਂਦੇ ਰਹਿੰਦੇ ਅਤੇ ਜਦੋ ਡਿੰਪਲ ਅੱਗੇ ਹੁੰਦੀ ਤਾਂ ਇਹੀਓ ਸਭ ਕੁੜੀਆਂ ਕਰਦਿਆਂ | ਪਰ ਇਹਨਾਂ ਦੀ ਇਸ ਲੜਾਈ ਵਿੱਚ ਕਦੇ ਵੀ ਪ੍ਰੀਤ ਤੇ ਡਿੰਪਲ ਨੇ ਹਿੱਸਾ ਨਹੀਂ ਲਿਆ | ਪ੍ਰੀਤ ਦਾ ਦੋਸਤ ਲੱਕੀ ਸੀ ਜੋ ਸਭ ਤੋਂ ਵੱਧ ਕੁੜੀਆਂ ਨੂੰ ਚਿੜਾਉਂਦਾ ਸੀ ਅਤੇ ਕੁੜੀਆਂ ਵੱਲੋਂ ਇਹ ਜਿੰਮੇਵਾਰੀ ਸਿਮਰਨ ਨੇ ਸੰਭਾਲੀ ਹੋਈ ਸੀ | ਇਹ ਦੋਵੇਂ ਹੀ ਇਸ ਮਾਮਲੇ ਤੇ ਸਭ ਤੋਂ ਵੱਧ ਝਗੜਦੇ ਸੀ |

ਪਰ ਇਸ ਸਭ ਤੋਂ ਪਰੇ ਪ੍ਰੀਤ ਦੇ ਦਿਲ ਵਿੱਚ ਪਿਆਰ ਦਾ ਇਕ ਬੀਜ ਫੁੱਟ ਰਿਹਾ ਸੀ |ਉਸਦੇ ਮਨ ਵਿੱਚ ਡਿੰਪਲ ਨੂੰ ਲੈ ਕੇ ਇਕ ਅਲੱਗ ਹੀ ਲਗਾਵ ਜੇਹਾ ਸੀ | ਉਸਨੇ ਕਦੇ ਵੀ ਆਪਣੇ ਅੰਦਰ ਦੇ ਇੰਨਾ ਜਜ਼ਬਾਤਾਂ ਨੂੰ ਜ਼ਾਹਿਰ ਨਾ ਹੋਣ ਦਿੱਤਾ | ਹਰ ਰੋਜ਼ ਉਸਨੂੰ ਦੇਖਣਾ ਜੇਕਰ ਉਹ ਲੇਟ ਹੋ ਜਾਂਦੀ ਤਾਂ ਉਸਦਾ ਇੰਤਜ਼ਾਰ ਕਰਨਾ ਇਹ ਉਸਦਾ ਰੋਟੀਨ ਜੇਹਾ ਸੀ ਪਰ ਅੱਜ ਤੱਕ ਕਦੇ ਉਸਨੇ ਡਿੰਪਲ ਨਾਲ ਗੱਲ ਨਹੀਂ ਕੀਤੀ ਸੀ | ਇਸੇ ਤਰਾਂ ਹੀ ਵਕਤ ਬੀਤ ਰਿਹਾ ਸੀ |

ਸਮਾਂ ਲੰਘਦੇ-ਲੰਘਦੇ ਉਹਨਾਂ ਦੀ ਅੱਠਵੀਂ ਦੇ ਪੇਪਰ ਆ ਗਏ ਸਨ | ਨਵਾਂ-ਨਵਾਂ ਅੱਠਵੀਂ ਦਾ ਬੋਰਡ ਟੁਟਾ ਸੀ ਇਸ ਲਈ ਉਹਨਾਂ ਦੇ ਪੇਪਰ ਇਸ ਬਾਰ ਉਹਨਾਂ ਦੇ ਸਕੂਲ ਵਿੱਚ ਹੀ ਹੋਣੇ ਸਨ | ਹਰ ਵਾਰ ਸਕੂਲ ਵਾਲਿਆਂ ਨੂੰ ਪੇਪਰ ਦਵਾਉਣ ਲਈ ਸਰਕਾਰੀ ਸਕੂਲ ਜਾਣਾ ਪੈਂਦਾ ਸੀ |

ਇਸ ਬਾਰ ਵੀ ਲੱਕੀ ਤੇ ਸਿਮਰਨ ਵਿੱਚ ਉਹੀਓ ਲੜਾਈ ਸੀ | ਇਹ ਸਕੂਲ ਵਿੱਚ ਉਹਨਾਂ ਦਾ ਆਖਰੀ ਸਾਲ ਸੀ ਇਸ ਤੋਂ ਬਾਅਦ ਮੁੰਡਿਆਂ ਨੇ ਮੁੰਡਿਆਂ ਵਾਲੇ ਸਰਕਾਰੀ ਸਕੂਲ ਵਿੱਚ ਚਲਾ ਜਾਣਾ ਸੀ ਅਤੇ ਕੁੜੀਆਂ ਨੇ ਕੁੜੀਆਂ ਦੇ ਸਰਕਾਰੀ ਸਕੂਲ ਵਿੱਚ, ਇਸ ਲਈ ਇਹ ਉਹਨਾਂ ਦੀ ਲੜਾਈ ਦਾ ਆਖਰੀ ਹਿੱਸਾ ਸੀ ਜਿਸ ਵਿਚ ਜਿੱਤਣ ਵਾਲਾ ਹੀ ਪੱਕਾ ਜੇਤੂ ਮੰਨਿਆ ਜਾਣਾ ਸੀ |

ਪੇਪਰਾਂ ਵਿੱਚ ਪ੍ਰੀਤ ਤੇ ਡਿੰਪਲ ਦਾ ਰੋਲ ਨੰਬਰ ਇਕੱਠਾ ਆ ਗਿਆ ਸੀ | ਪ੍ਰੀਤ ਦਾ ਬੜਾ ਮਨ ਕਰ ਰਿਹਾ ਸੀ ਕਿ ਉਹ ਉਸ ਨਾਲ ਗੱਲ ਕਰੇ ਪਰ ਉਸਦਾ ਹੌਂਸਲਾ ਨਹੀਂ ਹੋ ਰਿਹਾ ਸੀ | ਆਖ਼ਿਰੀ ਪੇਪਰ ਸੀ ਅਤੇ ਪ੍ਰੀਤ ਨੇ ਆਪਣੇ ਪੇਪਰ ਦਾ ਪਾਸ ਹੋਣ ਜੋਗਾ ਕੰਮ ਕਰ ਦਿੱਤਾ ਸੀ ,ਹੁਣ ਉਹ ਸਿਰਫ ਡਿੰਪਲ ਨਾਲ ਗੱਲ ਕਰਨ ਦਾ ਮੌਕਾ ਲੱਭ ਰਿਹਾ ਸੀ | ਉਸਨੇ ਹਲਕੇ ਜਿਹੇ ਕਿਹਾ

ਪ੍ਰੀਤ:- ਡਿੰਪਲ ,ਇਸ ਵਾਰ ਤੁਸੀਂ ਜਿੱਤ ਜਾਵੋ ,ਮੈਂ ਆਵਦੇ ਪਾਸ ਹੋਣ ਜੋਗਾ ਕਰ ਲਿਆ |

ਡਿੰਪਲ (ਮੁਸਕੁਰਾਉਂਦੇ ਹੋਏ ):- ਮੈਂ ਵੀ ਪਾਸ ਹੋਣ ਜੋਗਾ ਹੀ ਕੀਤਾ ਤਾਂ ਜੋ ਤੁਸੀਂ ਪਹਿਲੇ ਨੰਬਰ ਤੇ ਆ ਜਾਵੋਂ|

ਪ੍ਰੀਤ ਇਹ ਸੁਣ ਹੈਰਾਨ ਰਹਿ ਗਿਆ , ਭਾਵੇਂ ਇਹ ਵੱਡੀ ਗੱਲ ਨਹੀਂ ਸੀ ਪਰ ਉਸਨੂੰ ਇਸ ਗੱਲ ਦਾ ਬੜਾ ਹੀ ਚਾਅ ਚੜ੍ਹਿਆ ਸੀ |ਉਸਨੇ ਅੱਗੇ ਗੱਲ ਵਧਾਈ | ਪ੍ਰੀਤ ਉਸ ਨਾਲ ਹੋਰ ਗੱਲਾਂ ਕਰਨਾ ਚਾਹੁੰਦਾ ਸੀ | ਪੇਪਰ ਦੇ ਬਚੇ ਹੋਏ ਅੱਧੇ ਟਾਈਮ ਤੱਕ ਉਹਨਾਂ ਦੋਵਾਂ ਨੇ ਹੌਲੀ-ਹੌਲੀ ਗੱਲਾਂ ਕੀਤੀਆਂ | ਦੋਵਾਂ ਦੇ ਅੰਦਰ ਹੀ ਇਕ ਦੂਸਰੇ ਲਈ ਖਿੱਚ ਸੀ | ਦੋਵੇਂ ਹੀ ਇਕ ਦੂਸਰੇ ਨਾਲ ਗੱਲ ਕਰ ਲਈ ਤਰਸ ਰਹੇ ਸਨ | ਇਹਨਾਂ ਦੋਵਾਂ ਵਿੱਚ ਹੁਣ ਮੁਹੱਬਤ ਦੇ ਬੀਜ ਫੁੱਟ ਪਏ ਸਨ |

ਪੇਪਰ ਲੈ ਰਹੀ ਮੈਡਮ ਨੂੰ ਵੀ ਇਸ ਗੱਲ ਅੰਦਾਜ਼ਾ ਹੋ ਗਿਆ ਸੀ ਕਿ ਇਹ ਦੋਵੇਂ ਗੱਲਾਂ ਮਾਰ ਕੇ ਵਕਤ ਬਿਤਾ ਰਹੇ ਹਨ ਪਰ ਉਹ ਕੁੱਝ ਨਾ ਬੋਲੀ ਕਿਓਂਕਿ ਉਹ ਦੋਵੇਂ ਹੀ ਕਲਾਸ ਦੇ ਹੋਸ਼ਿਆਰ ਬੱਚੇ ਸਨ ਪਰ ਉਸਨੇ ਮਜਾਕੀਆ ਅੰਦਾਜ਼ ਵਿੱਚ ਲੱਕੀ ਤੇ ਸਿਮਰਨ ਨੂੰ ਜ਼ਰੂਰ ਛੇੜਆ |

" ਮੈਨੂੰ ਲੱਗਦਾ ਇਸ ਵਾਰ ਪਹਿਲੇ ਨੰਬਰ ਦੀ ਲੜਾਈ ਖਤਮ ਹੋਜੂਗੀ ,ਕਿਓਂਕਿ ਜਿੰਨਾ ਸਿਰਤੇ ਇਹ ਜੰਗ ਚਲਦੀ ਆ ਉਹ ਤਾਂ ਮਿੱਤਰ ਬਣ ਗਏ ਨੇ" ਮੈਡਮ ਨੇ ਹਸਦੇ ਹੋਏ ਕਿਹਾ |

" ਨਾ ਮੈਡਮ ਬਾਜ਼ੀ ਤਾਂ ਅਸੀਂ ਮੁੰਡੇ ਹੀ ਜਿੱਤਾਂਗੇ ,ਪ੍ਰੀਤ ਨੇ ਪੇਪਰ ਨਬੇੜ ਰੱਖਿਆ ਹੋਣਾ " ਲੱਕੀ ਬੋਲਿਆ |

"ਬੂਥੀ ਦੇਖੀ ਆ ਬਾਜ਼ੀ ਜਿੱਤਣ ਵਾਲੀ ,ਕੁੜੀਆਂ ਹੁਸ਼ਿਆਰ ਹੁੰਦੀਆਂ ,ਡਿੰਪਲ ਹੀ ਪਹਿਲੇ ਨੰਬਰ ਤੇ ਆਊਗੀ " ਸਿਮਰਨ ਇੱਕ ਦਮ ਬੋਲੀ |

ਮੈਡਮ ਨੇ ਦੋਵਾਂ ਨੂੰ ਚੁੱਪ ਕਰਵਾ ਦਿੱਤਾ |

ਪੇਪਰ ਖਤਮ ਹੋਣ ਤੋਂ ਬਾਅਦ ਪ੍ਰੀਤ ਤੇ ਡਿੰਪਲ ਇਕੱਠੇ ਬਾਹਰ ਨਿਕਲੇ ,ਪਰ ਬਾਹਰ ਉਹਨਾਂ ਦਾ ਇੰਤਜ਼ਾਰ ਲੱਕੀ ਤੇ ਸਿਮਰਨ ਰਹੇ ਸਨ , ਉਹਨਾਂ ਦੋਵਾਂ ਨੂੰ ਹੀ ਇਸ ਗੱਲ ਦਾ ਗੁੱਸਾ ਸੀ ਕਿ ਇਹ ਦੋਵੇਂ ਗੱਲਾਂ ਕਿਓਂ ਕਰ ਰਹੇ ਸਨ | ਲੱਕੀ ਨੇ ਪ੍ਰੀਤ ਨੂੰ ਪੁੱਛਿਆ ਤਾਂ ਉਸਨੇ ਇਹ ਕਹਿ ਗੱਲ ਟਾਲ ਦਿੱਤੀ ਕਿ ਉਸਨੇ ਓਹਦਾ ਧਿਆਨ ਹਟਾਉਣ ਲਈ ਇਹ ਸਭ ਕੀਤਾ ਸੀ ਅਤੇ ਇਹੋ ਬਹਾਨਾ ਡਿੰਪਲ ਨੇ ਲਾਇਆ ਸੀ | ਉਸ ਮੌਕੇ ਤੇ ਗੱਲ ਠੰਡੀ ਪੈ ਗਈ ਸੀ ਪਰ ਰਿਜ਼ਲਟ ਵਾਲੇ ਦਿਨ ਜੋ ਹੋਇਆ ਉਸ ਦੀ ਕਿਸੇ ਨੂੰ ਵੀ ਉਮੀਦ ਨਹੀਂ ਸੀ , ਇਸ ਵਾਰ ਦੋਵਾਂ ਵਿਚੋਂ ਕਿਸੇ ਨੇ ਵੀ ਕੋਈ ਪੋਜੀਸ਼ਨ ਨਾ

ਹਾਸਿਲ ਕੀਤੀ | ਕਲਾਸ ਦੇ ਹੋਰ ਸਭ ਵਿੱਦਿਆਰਥੀ ਇਸ ਨਤੀਜੇ ਤੇ ਹੈਰਾਨ ਸਨ ਪਰ ਪ੍ਰੀਤ ਅਤੇ ਡਿੰਪਲ ਪਹਿਲਾਂ ਹੀ ਇਹ ਜਾਣਦੇ ਸਨ |

ਸਕੂਲ ਵਿਚੋਂ ਜਾਣ ਤੋਂ ਬਾਅਦ ਪ੍ਰੀਤ ਤੇ ਡਿੰਪਲ ਨੇ ਰਾਸਤੇ ਵਿੱਚ ਇੱਕ ਟਾਹਲੀ ਹੇਠ ਬੈਠ ਕੇ ਕੁੱਝ ਗੱਲਾਂ ਕੀਤੀਆਂ | ਇਸ ਗੱਲ ਤੋਂ ਦੋਵੇਂ ਹੀ ਉਦਾਸ ਸਨ ਕਿ ਉਹ ਦੋਵੇਂ ਹੁਣ ਹਰ ਰੋਜ਼ ਇੱਕ ਦੂਸਰੇ ਨੂੰ ਦੇਖ ਨਹੀਂ ਸਕਣਗੇ | ਪ੍ਰੀਤ ਨੂੰ ਵਕਤ ਆਪਣੇ ਹੱਥੋਂ ਰੇਤ ਦੀ ਤਰਾਂ ਨਿਕਲਦਾ ਦਿਸ ਰਿਹਾ ਸੀ |ਉਸਨੇ ਉਥੋਂ ਇੱਕ ਟਾਹਲੀ ਦਾ ਪੱਤਾ ਚੁਕਿਆ ਅਤੇ ਉਸਨੂੰ ਇੱਕ ਤੋਹਫੇ ਦੇ ਤੌਰ ਤੇ ਡਿੰਪਲ ਨੂੰ ਦੇ ਦਿੱਤਾ ਪਰ ਉਸਨੇ ਆਪਣੇ ਜਜ਼ਬਾਤਾਂ ਦਾ ਇਜ਼ਹਾਰ ਨਾ ਕੀਤਾ | ਡਿੰਪਲ ਨੇ ਇਸਨੂੰ ਉਸਦੀ ਮੁਹੱਬਤ ਦਾ ਇਜ਼ਹਾਰ ਹੀ ਸਮਝ ਲਿਆ |

ਪਰ ਉਹ ਇਜ਼ਹਾਰ ਹੀ ਤਾਂ ਸੀ ਖਾਮੋਸ਼ ਮੁਹੱਬਤ ਦਾ ਇਜ਼ਹਾਰ | ਇਕ ਸੁੱਚੀ ਮੁਹੱਬਤ ਜਿਸਨੂੰ ਕਿਸੇ ਰਸਮੀ ਇਜ਼ਹਾਰ ਦੀ ਜ਼ਰੂਰਤ ਨਹੀਂ ਸੀ | ਡਿੰਪਲ ਨੇ ਛੁੱਟੀ ਤੋਂ ਬਾਅਦ ਇਸੇ ਟਾਹਲੀ ਹੇਠ ਮਿਲਣ ਦੀ ਤਜਵੀਜ ਰੱਖੀ ਜਿਸਨੂੰ ਪ੍ਰੀਤ ਨੇ ਪਹਿਲੇ ਬੋਲ ਹੀ ਸਵੀਕਾਰ ਕਰ ਲਿਆ| ਫਿਰ ਹਰ ਰੋਜ਼ ਆਪਣੇ-ਆਪਣੇ ਸਕੂਲ ਦੀ ਛੁੱਟੀ ਹੋਣ ਤੋਂ ਬਾਅਦ ਉਸ ਟਾਹਲੀ ਹੇਠ ਬਹਿੰਦੇ ਅਤੇ ਆਪਣੇ ਦਿਨ ਦੀਆਂ ਸਾਰੀਆਂ ਚੰਗੀਆਂ-ਮਾੜੀਆਂ ਘਟਨਾਵਾਂ ਇੱਕ ਦੂਸਰੇ ਨਾਲ ਸਾਂਝੀਆਂ ਕਰਦੇ | ਉਹਨਾਂ ਦੀ ਜ਼ਿੰਦਗੀ ਇਸੇ ਤਰਾਂ ਖੁਸ਼ਹਾਲ ਚਲ ਰਹੀ ਸੀ |

ਇਕ ਉਹ ਦੋਵੇਂ ਸਕੂਲ ਵਿਚੋਂ ਬੰਕ ਮਾਰਕੇ ਮੱਸਿਆ ਦੇ ਮੇਲੇ ਵਿੱਚ ਗਏ | ਜ਼ਿੰਦਗੀ ਵਿੱਚ ਪਹਿਲੀ ਵਾਰ ਉਹ ਦੋਵੇਂ ਇਕੱਠੇ ਘੁੰਮਣ ਗਏ ਸਨ | ਮੇਲੇ ਦੇ ਭੀੜ ਭਰੇ ਮਾਹੌਲ ਵਿੱਚ ਇਹ ਪਹਿਲੀ ਵਾਰ ਹੋਇਆ ਸੀ ਕਿ ਡਿੰਪਲ ਨੇ ਪ੍ਰੀਤ ਦਾ ਹੱਥ ਆਪਣੇ ਹੱਥਾਂ ਵਿੱਚ ਲਿਆ | ਪ੍ਰੀਤ ਲਈ ਇਹ ਉਸਦੀ ਜ਼ਿੰਦਗੀ ਦਾ ਸਭ ਤੋਂ ਖ਼ੂਬਸੂਰਤ ਪਲ ਸੀ

,ਉਸਨੂੰ ਇਹ ਸਭ ਜੰਨਤ ਵਰਗਾ ਲੱਗ ਰਿਹਾ ਸੀ | ਡਿੰਪਲ ਨੇ ਚਿੱਟੇ ਸੂਟ ਉਪਰ ਚਿੱਟੀ ਚੁੰਨੀ ਲਈ ਹੋਈ ਸੀ ਅਤੇ ਉਸਦੇ ਸੂਟ ਤੇ ਬਣੇ ਦੋ ਫੂਲ ਉਸਦੀ ਸੁੰਦਰਤਾ ਨੂੰ ਹੋਰ ਵਧਾ ਰਹੇ ਸਨ| ਪ੍ਰੀਤ ਨੇ ਉਸਨੂੰ ਮੇਲੇ ਵਿਚੋਂ ਇੱਕ ਕਾਲੇ ਮਣਕਿਆਂ ਦੀ ਮਾਲਾ ਲੈ ਕੇ ਦਿੱਤੀ ਅਤੇ ਉਥੇ ਹੀ ਡਿੰਪਲ ਨੇ ਅਤੇ ਪ੍ਰੀਤ ਨੇ ਇਕੱਠਿਆਂ ਤਸਵੀਰ ਖਿਚਵਾਈ | ਆਉਂਦੇ ਵਕਤ ਡਿੰਪਲ ਨੇ ਪ੍ਰੀਤ ਨੂੰ ਆਪਣੇ ਲਈ ਕੁੱਝ ਖਰੀਦਣ ਲਈ ਕਿਹਾ ਪਰ ਉਸਨੇ ਕੁਝ ਵੀ ਨਾ ਲਿਆ | ਉਸਦੇ ਲਈ ਡਿੰਪਲ ਦਾ ਉਸਦੇ ਨਾਲ ਹੋਣਾ ਹੀ ਸਭ ਤੋਂ ਵੱਡਾ ਤੋਹਫ਼ਾ ਸੀ | ਡਿੰਪਲ ਨੇ ਆਪਣੇ ਗਲ ਵਿਚੋਂ ਮਣਕਿਆਂ ਦੀ ਮਾਲਾ ਲਾਹੀ ਅਤੇ ਉਸ ਵਿਚੋਂ ਕੁੱਝ ਮਣਕੇ ਕੱਢ ਉਸਨੂੰ ਧਾਗੇ ਵਿੱਚ ਪਿਰੋ ਕੇ ਪ੍ਰੀਤ ਨੂੰ ਦੇ ਦਿੱਤਾ |

ਉਸਨੇ ਕਿਹਾ

" ਜਿਵੇਂ ਇਹ ਮਾਲਾ ਦਾ ਇੱਕ ਹਿੱਸਾ ਤੇਰਾ ਕੋਲ ਰਹੇਗਾ ਉਸੇ ਤਰਾਂ ਮੇਰਾ ਵੀ ਹਿੱਸਾ ਤੇਰੇ ਕੋਲ ਹਮੇਸ਼ਾ ਰਹੇਗਾ ,ਜਵਾਂ ਰੂਹ ਵਾਂਗ "

ਪ੍ਰੀਤ ਨੇ ਉਹ ਮਣਕਿਆਂ ਦੇ ਛੋਟੇ ਹਿੱਸੇ ਨੂੰ ਆਪਣੇ ਹੱਥ ਵਿੱਚ ਬੰਨ ਲਿਆ |

ਉਸਤੋਂ ਬਾਅਦ ਉਹਨਾਂ ਦੋਵਾਂ ਦੀ ਸਾਂਝ ਹੋਰ ਗੂੜ੍ਹੀ ਹੋ ਗਈ | ਉਹ ਇਸੇ ਤਰਾਂ ਹਰ ਰੋਜ਼ ਸਕੂਲੋਂ ਛੁੱਟੀ ਹੋਣ ਤੋਂ ਬਾਅਦ ਦਸ -ਵੀਹ ਮਿੰਟ ਲਈ ਟਾਹਲੀ ਹੇਠ ਮਿਲਦੇ| ਇਸੇ ਤਰਾਂ ਗੁਜ਼ਰਦੇ ਹੋਏ ਉਹਨਾਂ ਦੀ ਜ਼ਿੰਦਗੀ ਦੇ ਦੋ ਸਾਲ ਬੀਤ ਗਏ| ਪ੍ਰੀਤ ਦਾ ਰੋਜ਼ ਦਾ ਦੁਪਹਿਰ ਦਾ ਖਾਣਾ ਡਿੰਪਲ ਦੇ ਟਿਫਨ ਦੇ ਪਰੌਂਠੇ ਹੀ ਹੁੰਦੇ ਸਨ | ਮੁਹੱਬਤ ਦੇ ਰੰਗ ਵਿੱਚ ਰੰਗੇ ਇਹ ਭੋਲੇ ਪੰਛੀ ਇਸ ਗੱਲ ਤੋਂ ਅਣਜਾਣ ਸਨ ਕਿ ਇਕ ਤੂਫ਼ਾਨ ਇਹਨਾਂ ਦੀ ਜ਼ਿੰਦਗੀ ਉਜਾੜਨ ਲਈ ਤਿਆਰ ਖੜ੍ਹਾ ਹੈ |

ਇਕ ਦਿਨ ਡਿੰਪਲ ਦੇ ਪਿਤਾ ਦੀ ਇਕ ਕਾਰ ਐਕਸੀਡੈਂਟ ਵਿੱਚ ਮੌਤ ਹੋ ਗਈ, ਆਪਣੇ ਪਿਤਾ ਦੀ ਮੌਤ ਤੇ ਡਿੰਪਲ ਧੁਰ ਅੰਦਰੋਂ ਟੁੱਟ ਗਈ ਪਰ ਉਸਦੇ ਅੱਖ ਵਿਚੋਂ ਕੋਈ

ਹੰਝੂ ਨਾ ਨਿਕਲਿਆ ਅਤੇ ਨਾ ਹੀ ਉਸਦੇ ਮੂੰਹੋ ਕੋਈ ਸਬਦ ਫੁੱਟਿਆ | ਪ੍ਰੀਤ ਨੂੰ ਇਸ ਗੱਲ ਦਾ ਪਤਾ ਚੱਲ ਗਿਆ ਸੀ ਅਤੇ ਉਸਦਾ ਬਹੁਤ ਦਿਲ ਕਰ ਰਿਹਾ ਸੀ ਕਿ ਉਹ ਇਸ ਦੁੱਖ ਭਰੀ ਘੜੀ ਵਿੱਚ ਡਿੰਪਲ ਦਾ ਸਹਾਰਾ ਬਣੇ ਪਰ ਆਪਣੇ ਰਿਸ਼ਤੇ ਨੂੰ ਬਚਾਏ ਰੱਖਣ ਲਈ ਉਸਨੇ ਆਪਣੇ ਕਦਮ ਰੋਕ ਲਏ | ਇਕ ਮਹੀਨੇ ਬਾਅਦ ਪ੍ਰੀਤ ਤੇ ਡਿੰਪਲ ਦੀ ਮੁਲਾਕਾਤ ਹੋਈ | ਪ੍ਰੀਤ ਦੇ ਕੋਲ ਬੈਠ ਡਿੰਪਲ ਦਾ ਮਨ ਉਛਲ ਗਿਆ ,ਜੋ ਹੰਝੂ ਉਸਦੇ ਮਨ ਵਿੱਚ ਕਿਤੇ ਕੈਦ ਹੋ ਗਏ ਸਨ ਹੋ ਇੱਕੋ ਦਮ ਵਹਿ ਤੁਰੇ | ਉਸਨੇ ਆਪਣਾ ਸਾਰਾ ਦਰਦ ਪ੍ਰੀਤ ਅੱਗੇ ਢੇਰੀ ਕਰ ਦਿੱਤਾ| ਪ੍ਰੀਤ ਨੇ ਵੀ ਉਸ ਦੁੱਖ ਨੂੰ ਅਤੇ ਡਿੰਪਲ ਨੂੰ ਚੰਗੀ ਤਰਾਂ ਸਮੇਟ ਲਿਆ |

ਡਿੰਪਲ ਹੁਣ ਵਾਪਿਸ ਪ੍ਰੀਤ ਨੂੰ ਮਿਲਣ ਲੱਗੀ ਅਤੇ ਉਹਨਾਂ ਦੋਵਾਂ ਦਾ ਰਿਸ਼ਤਾ ਹੋਰ ਗੂੜ੍ਹਾ ਹੋ ਗਿਆ | ਉਹ ਦੋਵੇਂ ਦੋ ਜਿਸਮ ਇੱਕ ਜਾਨ ਹੋ ਗਏ | ਜ਼ਿੰਦਗੀ ਫੁੱਲਾਂ ਵਾਂਗਰ ਖਿੜ-ਖਿੜ ਕਰਦੀ ਸੀ | ਇਕ ਦਿਨ ਡਿੰਪਲ ਨੇ ਪ੍ਰੀਤ ਨੂੰ ਆਪਣੀ ਡਾਇਰੀ ਦਿਖਾਈ ਜਿਸ ਵਿੱਚ ਉਹ ਪ੍ਰੀਤ ਲਈ ਕਵਿਤਾਵਾਂ ਲਿਖਿਆ ਕਰਦੀ ਸੀ | ਉਸਨੇ ਇੱਕ ਕਵਿਤਾ ਪ੍ਰੀਤ ਨੂੰ ਪੜ੍ਹਕੇ ਸੁਣਾਈ |

" ਬੜਾ ਨਿੱਘ ਏ ਤੇਰੀਆਂ ਗੱਲਾਂ ਵਿੱਚ

ਇੱਕ ਭਟਕਣਾ ਸ਼ਾਂਤ ਹੁੰਦੀ ਏ

ਜਦ ਤੂ ਬੋਲਦਾ ਏਂ "

ਤੇਰਾ ਪਿਆਰ ਪੋਹ ਦੀ ਧੁੱਪ ਵਰਗਾ ਏ

ਮੈਨੂੰ ਮੇਰੀ ਜ਼ਿੰਦਗੀ ਝਲਕਦੀ ਏ

ਤੇਰੇ ਹਾਸਿਆਂ ਵਿਚੋਂ "

ਡਿੰਪਲ |

ਇਹ ਡਾਇਰੀ ਵਿੱਚ ਉਸਨੇ ਆਪਣਾ ਪਿਆਰ ਸਾਂਭ ਕੇ ਰੱਖਿਆ ਹੋਇਆ ਸੀ |

ਇਸੇ ਤਰ੍ਹਾਂ ਉਹਨਾਂ ਦੀ ਜ਼ਿੰਦਗੀ ਦੇ ਚਾਰ ਸਾਲ ਬੀਤ ਗਏ ਉਹਨਾਂ ਦੇ ਬਾਰਵੀਂ ਦੇ ਪੇਪਰ ਵੀ ਨਜ਼ਦੀਕ ਆ ਗਏ ਸਨ ਸ਼ਇਦ ਪੇਪਰਾਂ ਦੇ ਨਾਲ ਨਾਲ ਉਹਨਾਂ ਦੇ ਵਿਛੋੜੇ ਦੇ ਦਿਨ ਵੀ ਕਰੀਬ ਆ ਗਏ | ਇਕ ਵਾਰ ਡਿੰਪਲ ਦੋ ਦਿਨ ਤੱਕ ਉਸਨੂੰ ਮਿਲਣ ਨਾ ਆਈ ਅਤੇ ਨਾ ਹੀ ਕੋਈ ਸੁਨੇਹਾ ਭੇਜਿਆ |

ਤੀਸਰੇ ਦਿਨ ਜਦ ਪ੍ਰੀਤ ਟਾਹਲੀ ਥੱਲੇ ਪਹੁੰਚਿਆ ਤਾਂ ਡਿੰਪਲ ਚੁੱਪ-ਚਾਪ ਬੈਠੀ ਸੀ ,ਉਸਨੇ ਪ੍ਰੀਤ ਦੇ ਆਉਣ ਤੇ ਕੋਈ ਖਾਸ ਪ੍ਰਤੀਕਿਰਿਆ ਨਾ ਦਿੱਤੀ | ਪ੍ਰੀਤ ਨੇ ਸੋਚਿਆ ਸ਼ਇਦ ਕੋਈ ਗੱਲ ਹੋ ਗਈ ਹੋਵੇਗੀ | ਉਸਨੇ ਸੋਚਿਆ ਕੁੱਝ ਖਾ ਕੇ ਇਸਤੋਂ ਪੁੱਛਦੇ ਹਾਂ ਪਰ ਅੱਜ ਡਿੰਪਲ ਦਾ ਟਿਫ਼ਿਨ ਖਾਲੀ ਸੀ |

ਪ੍ਰੀਤ ਨੂੰ ਇਸ ਗੱਲ ਦੀ ਹੈਰਾਨੀ ਹੋਈ | ਉਸਨੇ ਡਿੰਪਲ ਨੂੰ ਬੁਲਾਉਣ ਦਾ ਯਤਨ ਕੀਤਾ ਪਰ ਉਸਨੇ ਕੋਈ ਜਵਾਬ ਨਾ ਦਿੱਤਾ | ਪ੍ਰੀਤ ਨੂੰ ਹੁਣ ਫਿਕਰ ਹੋਣ ਲੱਗੀ ਸੀ | ਉਸਨੇ ਡਿੰਪਲ ਦੇ ਮੋਢੇ ਤੇ ਹੱਥ ਰੱਖਿਆ | ਡਿੰਪਲ ਇੱਕ ਦਮ ਉੱਠ ਉਸਦੇ ਸੀਨੇ ਨਾਲ ਲੱਗੀ ਗਈ | ਚਾਰ ਸਾਲ ਦੇ ਰਿਸ਼ਤੇ ਵਿੱਚ ਇਹ ਪਹਿਲੀ ਵਾਰ ਸੀ ਕਿ ਇਹ ਦੋਵੇਂ ਗਲ ਮਿਲੇ ਸਨ | ਪ੍ਰੀਤ ਦੇ ਦਿਲ ਦੀ ਧੜਕਣ ਤੇਜ਼ ਹੋ ਗਈ | ਉਸਦੇ ਮਨ ਦੀ ਘਬਰਾਹਟ ਹੋਰ ਵਧ ਗਈ | ਡਿੰਪਲ ਕਿੰਨਾ ਹੀ ਸਮਾਂ ਉਸਦੇ ਗੱਲ ਲੱਗ ਕੇ ਰੋਂਦੀ ਰਹੀ ਅਤੇ ਪ੍ਰੀਤ ਦੇ ਵੀ ਹੰਝੂ ਵਹਿ ਤੁਰੇ ਸ਼ਇਦ ਪ੍ਰੀਤ ਨੂੰ ਆਉਣ ਵਾਲੇ ਦੁੱਖ ਦਾ ਅੰਦਾਜ਼ਾ ਹੋ ਗਿਆ ਸੀ | ਉਸਨੇ ਡਿੰਪਲ ਨੂੰ ਚੁੱਪ ਕਰਾਉਣ ਦੀ ਅਸਮਰੱਥ ਕੋਸ਼ਿਸ਼ ਕੀਤੀ ਪਰ ਇਸ ਵਕਤ ਉਸਦੇ ਖੁਦ ਦੇ ਹੰਝੂ ਉਸਤੋਂ ਨਹੀਂ ਰੁਕ ਰਹੇ ਸਨ | ਕੁੱਝ ਸਮੇਂ ਬਾਅਦ ਪ੍ਰੀਤ ਨੇ ਉਸਨੂੰ ਆਪਣੇ ਤੋਂ ਵੱਖ ਕੀਤਾ ਅਤੇ ਉਸਨੂੰ ਚੁੱਪ ਕਰਵਾਇਆ |

ਥੋੜ੍ਹਾ ਚੁੱਪ ਹੋਕੇ ਡਿੰਪਲ ਨੇ ਕਿਹਾ |

ਡਿੰਪਲ :- ਮੈਨੂੰ ਮਾਫ ਕਰ ਦੇਵੀਂ ਪ੍ਰੀਤ |

ਪ੍ਰੀਤ :- ਹੋਇਆ ਕੀ ਏ ,ਤੂੰ ਇਹ ਕੀ ਬੋਲ ਰਹੀ ਏਂ ?

ਡਿੰਪਲ :- ਮੈਂ ਕਦੇ ਨਹੀਂ ਸੀ ਸੋਚਿਆ ਕਿ ਇਹ ਸਭ ਹੋ ਜਾਵੇਗਾ |

ਡਿੰਪਲ :- ਮੇਰੇ ਭਰਾ ਨੂੰ ਆਪਣੇ ਰਿਸ਼ਤੇ ਬਾਰੇ ਪਤਾ ਲੱਗ ਗਿਆ |

ਪ੍ਰੀਤ :- ਕੋਈ ਨੀ ਤੂੰ ਡਰ ਨਾ ਮੈਂ ਹੈਗਾ ਤੇਰੇ ਨਾਲ ,ਕੁੱਝ ਨਹੀਂ ਕਹਿ ਸਕਦਾ ਉਹ ਤੈਨੂੰ , ਜੇ ਤੈਨੂੰ ਕੁੱਝ ਕਿਹਾ ਮੈਂ ਡੱਕਰੇ ਕਰ ਦੇਊਂ ਉਸਦੇ |

ਪ੍ਰੀਤ :- ਉਸਨੇ ਤੇਰੇ ਤੇ ਹੱਥ ਤਾਂ ਨਹੀਂ ਚੁੱਕਿਆ | ਦਸ ਮੈਨੂੰ|

ਡਿੰਪਲ :- ਉਸਨੇ ਮੇਰੇ ਤੇ ਹੱਥ ਨਹੀਂ ਚੁੱਕਿਆ |

ਡਿੰਪਲ(ਰੋਂਦੇ ਹੋਏ ):- ਪਰ ਉਹਨਾਂ ਮੈਨੂੰ ਉਹ ਗੱਲਾਂ ਕਹੀਆਂ ,ਜਿੰਨਾ ਦੀ ਮੈਨੂੰ ਉਮੀਦ ਨਹੀਂ ਸੀ | ਉਹਨਾਂ ਦੇ ਅੱਖਾਂ ਵਿੱਚ ਹੰਝੂ ਸੀ ਅਤੇ ਉਹ ਮੇਰੇ ਸਾਹਮਣੇ ਹੱਥ ਬੰਨੀ ਬੈਠੇ ਸਨ | ਉਹਨਾਂ ਕਿਹਾ ਕਿ ਅੱਜ ਤਾਂ ਇੱਕ ਜਾਣੇ ਨੂੰ ਪਤਾ ਲੱਗਾ ਏ ਤੇ ਓਹਦਾ ਮੂੰਹ ਮਿਨਤਾਂ ਕਰਕੇ ਬੰਦ ਕਰ ਦਿੱਤਾ ਏ | ਜੇਕਰ ਇਹ ਗੱਲ ਹੋਰ ਫੇਲ ਗਈ ਤਾਂ ਉਹਨਾਂ ਦਾ ਜੀਣਾ ਮੁਸ਼ਕਿਲ ਹੋ ਜਾਵੇਗਾ |

ਉਹਨਾਂ ਕਿਹਾ ਕਿ ਘਰ ਦਾ ਇੱਕ ਮੁੱਖੀ ਦੁਨਿਆਂ ਛੱਡ ਗਿਆ ਹੈ ਅਤੇ ਦੂਸਰੇ ਦੇ ਜਾਣ ਦੀ ਵਜ੍ਹਾ ਮੈਂ ਨਾ ਬਣਾ |

ਡਿੰਪਲ :- ਮੇਰੀ ਜ਼ਿੰਦਗੀ ਵਿੱਚ ਤੂੰ ਸਭ ਤੋਂ ਵੱਧ ਜ਼ਰੂਰੀ ਏਂ ਪਰ ਮੈਂ ਇੱਕ ਘਰ ਦੇ ਉਜਾੜੇ ਦੀ ਵਜ੍ਹਾ ਨਹੀਂ ਬਣ ਸਕਦੀ ,ਮੈਂ ਆਪਣਾ ਭਵਿੱਖ ਤੇਰੇ ਨਾਲ ਜੀਅ ਲਉਂਗੀ

,ਪਰ ਜੇ ਮੇਰੇ ਵੀਰ ਨੂੰ ਕੁੱਝ ਹੋ ਗਿਆ ਤਾਂ ਮੇਰੀ ਛੋਟੀ ਭੈਣ ਦੀ ਸਾਰੀ ਜ਼ਿੰਦਗੀ ਰੁਲ ਜਾਊਗੀ |

ਪ੍ਰੀਤ ,ਮੈਨੂੰ ਮਾਫ਼ ਕਰ ਦੇਵੀਂ |

ਡਿੰਪਲ :- ਪ੍ਰੀਤ ,ਪ੍ਰੀਤ ਤੂੰ ਬੋਲਦਾ ਕਿਓਂ ਨਹੀਂ ?

ਪ੍ਰੀਤ :- ਕੀ ਬੋਲਾਂ ,ਕੀ ਕਹਾਂ ਤੈਨੂੰ , ਤੂੰ ਆਪਣੀ ਜਗਾ ਸਹੀ ਏਂ | ਪਰ ਹੁਣ ਮੇਰੇ ਕੋਲ ਕੁੱਝ ਬਚਿਆ ਹੀ ਨਹੀਂ |

ਡਿੰਪਲ :- ਤੇਰੇ ਕੋਲ ਤੇਰੀ ਸਾਰੀ ਜ਼ਿੰਦਗੀ ਏ , ਤੂੰ ਅੱਗੇ ਜੀਣਾ ਏ ਪ੍ਰੀਤ , ਤੈਨੂੰ ਮੇਰੀ ਸੌਂਹ ਕੋਈ ਗ਼ਲਤ ਕਦਮ ਨਾ ਚੁੱਕੀ |

ਪ੍ਰੀਤ :- ਮੌਤ ਦੇ ਕੇ ਜ਼ਿੰਦਗੀ ਦੀ ਦੁਆ ਦੇ ਰਹੀਂ ਏਂ ?

ਡਿੰਪਲ :- ਮੈਂ ਖੁੱਦ ਵੀ ਕਿਹੜਾ ਜਿਉਂਦੀ ਬਚੀ ਹਾਂ |

ਡਿੰਪਲ ਨੇ ਆਪਣੀ ਡਾਇਰੀ ਪ੍ਰੀਤ ਨੂੰ ਦਿੱਤੀ ਅਤੇ ਉਸੇ ਵਿੱਚ ਹੀ ਕਾਲੇ ਮਣਕਿਆਂ ਦੀ ਮਾਲਾ ਤੇ ਉਸ ਤਸਵੀਰ ਦਾ ਅੱਧਾ ਹਿੱਸਾ ਜਿਸ ਵਿੱਚ ਪ੍ਰੀਤ ਸੀ ਉਸਨੇ ਪਾੜ ਕੇ ਆਪਣੀ ਕਿੱਟ ਵਿੱਚ ਪਾ ਲਈ ਅਤੇ ਆਪਣੀ ਤਸਵੀਰ ਵਾਲਾ ਹਿੱਸਾ ਉਸਨੇ ਪ੍ਰੀਤ ਦੇ ਹੱਥ ਵਿੱਚ ਫੜ੍ਹਾ ਦਿੱਤਾ | ਇਸ ਤਸਵੀਰ ਦੇ ਨਾਲ-ਨਾਲ ਡਿੰਪਲ ਨੇ ਅੱਜ ਆਪਣੀ ਅਤੇ ਪ੍ਰੀਤ ਦੀ ਇਕੱਠਿਆਂ ਦੀ ਜ਼ਿੰਦਗੀ ਵੀ ਪਾੜ ਦਿੱਤੀ ਸੀ |

ਉਸ ਦਿਨ ਸ਼ਾਮ ਤੱਕ ਉਹ ਦੋਵੇਂ ਇੱਕ ਦੂਸਰੇ ਕੋਲ ਬੈਠੇ ਰਹੇ | ਹੰਝੂ ਦੋਵਾਂ ਦੀਆਂ ਅੱਖਾਂ ਵਿਚੋਂ ਤਿਪ-ਤਿਪ ਵਹਿ ਰਹੇ ਸਨ| ਮੋਹ ਦੀਆਂ ਇਹ ਗੂੜ੍ਹੀਆਂ ਤੰਦਾਂ ਸੌਖਿਆਂ ਨਹੀਂ ਟੁੱਟਦੀਆਂ , ਹੰਝੂਆਂ ਦਾ ਇੱਕ ਵੱਡਾ ਸਮੁੰਦਰ ਲੱਗ ਗਿਆ ਇਸ ਤੰਦ ਨੂੰ ਤੋੜਨ ਲਈ |

ਸ਼ਾਮ ਹੋ ਗਈ ਅਤੇ ਡਿੰਪਲ ਨੂੰ ਥੋੜ੍ਹੀ ਸੁਰਤ ਆਈ ਉਸਨੇ ਪ੍ਰੀਤ ਦੀ ਛਾਤੀ ਤੋਂ ਆਪਣਾ ਸਿਰ ਚੁੱਕਿਆ ਅਤੇ ਇੱਕ ਲਾਸ਼ ਦੀ ਤਰਾਂ ਉੱਠਕੇ ਆਪਣੇ ਘਰ ਵੱਲ ਤੁਰ ਗਈ | ਪ੍ਰੀਤ ਨੇ ਵੀ ਉਸਨੂੰ ਰੋਕਣ ਦਾ ਯਤਨ ਨਾ ਕੀਤਾ | ਉਹ ਵੀ ਆਪਣੀ ਡਾਇਰੀ ਕਾਲੇ ਮਣਕਿਆਂ ਦੀ ਮਾਲਾ ਅਤੇ ਡਿੰਪਲ ਦੀ ਤਸਵੀਰ ਰੂਪੀ ਮੁਹੱਬਤ ਦੀ ਪੂੰਜੀ ਨੂੰ ਇਕੱਠੀ ਕਰਕੇ ਘਰ ਵੱਲ ਤੁਰ ਪਿਆ |

ਬੀਣਾ ਪ੍ਰੀਤ ਦੀ ਆਪ ਬੀਤੀ ਸੁਣਕੇ ਰੋਣ ਲੱਗ ਗਈ ਅਤੇ ਪ੍ਰੀਤ ਦੀਆਂ ਅੱਖਾਂ ਵੀ ਉਸ ਦਰਦ ਨੂੰ ਸੁਣਾਉਂਦਿਆਂ ਵਹਿ ਤੁਰੀਆਂ | ਕਮਰੇ ਦਾ ਮਾਹੌਲ ਆਪ ਮੁਹਾਰੇ ਹੀ ਗਮਗੀਨ ਹੋ ਗਿਆ ਸੀ | ਇੰਝ ਲੱਗ ਰਿਹਾ ਸੀ ਜਿਵੇਂ ਕਮਰੇ ਦੀ ਹਰ ਇੱਕ ਸ਼ੈਅ ਪ੍ਰੀਤ ਦੀ ਦਰਦ ਕਹਾਣੀ ਵਿੱਚ ਵਿਰਲਾਪ ਰਹੀ ਹੋਵੇ |

## ਲੇਖਕ ਵਲੋਂ

ਸਤਿ ਸ਼੍ਰੀ ਅਕਾਲ ਜੀਓ ,

ਧੰਨਵਾਦ ਕਹਾਣੀ ਪੜ੍ਹਨ ਲਈ ਅਤੇ ਤਹਿ ਦਿਲੋਂ ਮਾਫੀ ਕਿ ਕਹਾਣੀ ਦਾ ਦੂਸਰਾ ਭਾਗ ਆਉਣ ਵਿੱਚ ਇੰਨਾ ਸਮਾਂ ਲੱਗਿਆ | ਉਮੀਦ ਹੈ ਕਹਾਣੀ ਆਪ ਜੀ ਨੂੰ ਪਸੰਦ ਆਈ ਹੋਵੇਗੀ | ਕਹਾਣੀ ਸਬੰਧੀ ਆਪਣੇ ਵਿਚਾਰ/ਸੁਝਾਅ ਤੁਸੀਂ ਮੈਨੂੰ ਮੇਰੇ ਇੰਸਟਾਗ੍ਰਾਮ ,ਵਟਸਐਪ ਦੇ ਜ਼ਰੀਏ ਦੇ ਸਕਦੇ ਹੋ ਜੀ |

ਵਟਸਅੱਪ ਨੰਬਰ :- 62809-81326

ਇੰਸਟਾਗ੍ਰਾਮ :-m_preet_sidhu

ਯੂ-ਟਿਊਬ :-Manpreet Sidhu

ਲੇਖਕ ਨੂੰ ਵਿੱਤੀ ਸਪੋਰਟ ਕਰਨ ਲਈ :-

Phonepay :-62809-81326